ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-12 ISSUE 2310 | 11 December, 2025 Thursday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਵਿਦੇਸ਼ੀ ਹੈਂਡਲਰਾਂ ਨਾਲ ਜੁੜੇ ਸਰਹੱਦ ਪਾਰ ਦੇ ਡਰੱਗ ਕਾਰਟੈਲਾਂ ਦਾ ਅੰਮ੍ਰਿਤਸਰ ਵਿੱਚ ਪਰਦਾਫਾਸ਼: 4 ਕਿਲੋਗ੍ਰਾਮ ਆਈ.ਸੀ.ਈ, 1 ਕਿਲੋਗ੍ਰਾਮ ਹੈਰੋਇਨ ਸਮੇਤ ਤਿੰਨ ਗ੍ਰਿਫ਼ਤਾਰ


ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ,ਧੈਰਿਆ ਮਹਿਰਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਬਹੁ-ਪੱਧਰੀ ਕਾਰਵਾਈ ਤਹਿਤ ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਵਿਦੇਸ਼ੀ ਹੈਂਡਲਰਾਂ ਨਾਲ ਜੁੜੇ, ਸਰਹੱਦ ਪਾਰ ਦੇ ਸੰਗਠਿਤ ਡਰੱਗ ਕਾਰਟੈਲਾਂ ਦੇ ਤਿੰਨ ਕਾਰਕੁਨਾਂ ਨੂੰ, 4.083 ਕਿਲੋਗ੍ਰਾਮ ਮੈਥਾਮਫੇਟਾਮਾਈਨ (ਆਈਸੀਈ), ਅਤੇ 1.032 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਇਨ੍ਹਾਂ ਗਿਰੋਹਾਂ ਨੂੰ ਬੇਅਸਰ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਵਿੰਦਰ ਸਿੰਘ ਉਰਫ਼ ਬਿੰਦਰ (25) ਵਾਸੀ ਪਿੰਡ ਦਾਓਕੇ (ਅੰਮ੍ਰਿਤਸਰ), ਨਵਤੇਜ ਸਿੰਘ (33) ਵਾਸੀ ਪਿੰਡ ਮਾਹਵਾ (ਅੰਮ੍ਰਿਤਸਰ) ਜੋ ਮੌਜੂਦਾ ਸਮੇਂ ਤਰਨਤਾਰਨ ਦੇ ਪਿੰਡ ਵਿਖੇ ਰਹਿ ਰਿਹਾ ਹੈ ਅਤੇ ਮਹਾਂਬੀਰ ਸਿੰਘ (32) ਵਾਸੀ ਪਿੰਡ ਕਾਲੀਆ ਸਕਾਤਰਾਂ (ਤਰਨਤਾਰਨ) ਵਜੋਂ ਹੋਈ ਹੈ। ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੋਂ ਇਲਾਵਾ, ਪੁਲਿਸ ਟੀਮਾਂ ਨੇ ਦੋਸ਼ੀਆਂ ਤੋਂ 2500 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ ਅਤੇ ਉਨ੍ਹਾਂ ਦੀ ਇੱਕ ਕਾਰ ਅਤੇ ਐਕਟਿਵਾ ਸਕੂਟਰ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਵਟਸਐਪ ਰਾਹੀਂ ਪਾਕਿਸਤਾਨ ਅਤੇ ਵਿਦੇਸ਼ਾਂ ਵਿੱਚ ਸਰਗਰਮ ਤਸਕਰਾਂ ਨਾਲ ਤਾਲਮੇਲ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਨੈੱਟਵਰਕ ਦੇ ਅਗਲੇਰੇ-ਪਿਛਲੇਰੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਅਪ੍ਰੇਸ਼ਨ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਪੁਲਿਸ ਨੇ ਸ਼ੱਕੀ ਬਲਵਿੰਦਰ ਸਿੰਘ ਉਰਫ਼ ਬਿੰਦਰ ਨੂੰ 35 ਗ੍ਰਾਮ ਆਈ.ਸੀ.ਈ. ਸਮੇਤ ਗ੍ਰਿਫ਼ਤਾਰ ਕੀਤਾ ਅਤੇ ਪੁੱਛਗਿੱਛ ਦੌਰਾਨ ਉਸਨੇ ਨੇ ਇੱਕ ਪਾਕਿਸਤਾਨੀ ਤਸਕਰ ਨਾਲ ਆਪਣੇ ਸਬੰਧਾਂ ਦਾ ਖੁਲਾਸਾ ਕੀਤਾ, ਜਿਸ ਵਲੋਂ ਉਸਨੂੰ ਵਟਸਐਪ ਰਾਹੀਂ ਡਰਾਪ ਲੋਕੇਸ਼ਨਾਂ ਸਾਂਝੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਮੁਲਜ਼ਮ ਦੇ ਖੁਲਾਸਿਆਂ 'ਤੇ ਕਾਰਵਾਈ ਕਰਦਿਆਂ ਪੁਲਿਸ ਨੇ 2.042 ਕਿਲੋਗ੍ਰਾਮ ਆਈ.ਸੀ.ਈ. ਡਰੱਗ ਬਰਾਮਦ ਕੀਤੀ, ਜਿਸ ਨਾਲ ਉਕਤ ਤੋਂ ਕੁੱਲ ਬਰਾਮਦਗੀ 2.077 ਕਿਲੋਗ੍ਰਾਮ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇੱਕ ਹੋਰ ਕਾਰਵਾਈ ਵਿੱਚ, ਪੁਲਿਸ ਨੇ ਸ਼ੱਕੀ ਨਵਤੇਜ ਸਿੰਘ ਨੂੰ 40 ਗ੍ਰਾਮ ਆਈ.ਸੀ.ਈ. ਡਰੱਗ ਸਮੇਤ ਕਾਬੂ ਕੀਤਾ। ਜਾਂਚ ਤੋਂ ਪਤਾ ਲੱਗਾ ਕਿ ਨਵਤੇਜ ਪਹਿਲਾਂ ਦੋਹਾ, ਕਤਰ ਵਿੱਚ ਕੰਮ ਕਰਦਾ ਸੀ, ਜਿੱਥੇ ਉਹ ਇੱਕ ਹੈਂਡਲਰ ਨਾਲ ਜੁੜਿਆ ਸੀ। ਉਨ੍ਹਾਂ ਕਿਹਾ ਕਿ ਇਹ ਹੈਂਡਲਰ ਵਟਸਐਪ ਨਿਰਦੇਸ਼ਾਂ ਰਾਹੀਂ ਅੱਗੇ ਭਾਰਤ ਵਿੱਚ ਨਸ਼ੀਲੇ ਪਦਾਰਥ ਲਿਆਉਣ-ਲਿਜਾਣ ਸਬੰਧੀ ਕੰਮ ਭੇਜਦਾ ਸੀ। ਜਾਂਚ ਤੋਂ ਪਤਾ ਲੱਗਾ ਹੈ ਕਿ ਨਵਤੇਜ ਕੋਰੀਅਰ ਵਜੋਂ ਕੰਮ ਕਰਦੇ ਹੋਏ ਨਸ਼ੀਲੇ ਪਦਾਰਥਾਂ ਦੇ ਪੈਕੇਟ ਪ੍ਰਾਪਤ ਕਰਦਾ ਸੀ ਅਤੇ ਉਨ੍ਹਾਂ ਨੂੰ ਅੱਗੇ ਸਪਲਾਈ ਕਰਦਾ ਸੀ। ਉਸਦੇ ਖੁਲਾਸਿਆਂ ਦੇ ਆਧਾਰ 'ਤੇ, ਪੁਲਿਸ ਨੇ 1.966 ਵਾਧੂ ਆਈ.ਸੀ.ਈ. ਡਰੱਗ ਬਰਾਮਦ ਕੀਤੀ, ਜਿਸ ਨਾਲ ਕੁੱਲ ਬਰਾਮਦਗੀ 2.006 ਕਿਲੋਗ੍ਰਾਮ ਹੋ ਗਈ ਹੈ। ਸੀ.ਪੀ. ਨੇ ਕਿਹਾ ਕਿ ਤੀਜੀ ਸਾਮਾਨਾਂਤਰ ਕਾਰਵਾਈ ਵਿੱਚ, ਪੁਲਿਸ ਨੇ ਮਹਾਬੀਰ ਸਿੰਘ ਨੂੰ 1.032 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਜਾਂਚ ਤੋਂ ਪਤਾ ਲੱਗਾ ਕਿ ਉਹ ਡਰੋਨ ਰਾਹੀਂ ਪਾਕਿਸਤਾਨੀ ਤਸਕਰ ਤੋਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਪ੍ਰਾਪਤ ਕਰ ਰਿਹਾ ਸੀ। ਇਸ ਸਬੰਧ ਵਿੱਚ, ਤਿੰਨ ਵੱਖ-ਵੱਖ ਮਾਮਲੇ ਐਫਆਈਆਰ ਨੰਬਰ 337 ਮਿਤੀ 05-12-2025 ਨੂੰ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਤੇ 29 ਅਧੀਨ ਅਤੇ ਐਫਆਈਆਰ ਨੰਬਰ 340 ਮਿਤੀ 09-12-2025 ਨੂੰ ਐਨਡੀਪੀਐਸ ਐਕਟ ਦੀ ਧਾਰਾ 21-ਸੀ ਅਧੀਨ ਦੋਵੇਂ ਥਾਣਾ ਹਕੀਮਾ ਵਿਖੇ ਅਤੇ ਐਫਆਈਆਰ ਨੰਬਰ 251 ਮਿਤੀ 07-12-2025 ਨੂੰ ਐਨਡੀਪੀਐਸ ਐਕਟ ਦੀ ਧਾਰਾ 22-ਬੀ ਅਤੇ 22-ਸੀ ਅਧੀਨ ਥਾਣਾ ਛੇਹਰਟਾ ਵਿਖੇ ਦਰਜ ਕੀਤੇ ਗਏ ਹਨ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce

Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Space availabe for Ad
Contact #
+1 (209) 303-1260

Law Offices of Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com


LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots


Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
ਹੈਲਥ ਇੰਸ਼ੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸ਼ੋਰੈਂਸ ਦਾ ਲੰਬੇ ਸਮੇਂ ਦਾ ਤਜਰਬਾ ਹੈ।
Inderjeet Singh Mann
CA Lic# 0H82488
Anthem
Covered California Certified Insurance Agent
Ph.: (916) 900-2000


THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137


Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....

Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road,
Suite H2-167 Modesto,
CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਭਾਰਤ ਦੀ ਜਨਤਾ ਪਾਰਟੀ ਦੀ ਸਰਕਾਰ ਕਿਧਰ ਵੱਲ? ਜੇ ਦੇਸ਼ ਨੂੰ ਬਰਬਾਦ ਹੋਣ ਤੋਂ ਬਚਾਉਣਾ ਹੈ ਤਾਂ ਦੇਸ਼ ਦੇ ਧਰਮ ਨਿਰਪੇਖ, ਅਗਾਂਹਵਧੂ ਹਿੰਦੂਆਂ ਨੂੰ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਡਟਣਾ ਪੈਣਾ




ਦੇਸ਼ ਦੀ ਅਜਾਦੀ ਤੋਂ ਬਾਅਦ ਜੇ ਕੇਂਦਰ ਅਤੇ ਪ੍ਰਾਂਤਾਂ ਵਿੱਚ ਲੰਮਾ ਸਮਾਂ ਕਿਸੇ ਪਾਰਟੀ ਨੇ ਰਾਜ ਕੀਤਾ ਹੈ ਤਾਂ ਉਹ ਹੈ ਕਾਂਗਰਸ ਪਾਰਟੀ। ਇਹ ਠੀਕ ਹੈ ਇਨਾਂ ਦੇ ਰਾਜ ਕਾਲ ਦੌਰਾਨ ਦੇਸ਼ ਨੇ ਕਾਫੀ ਹੱਦ ਤਕ ਤਰੱਕੀ ਕੀਤੀ ਹੈ। ਪਰ ਇਸ ਗੱਲ ਤੋਂ ਵੀ ਇਨਕਾਰਿਆ ਨਹੀਂ ਜਾ ਸਕਦਾ ਇਨਾਂ ਦੇ ਰਾਜ ਕਾਲ ਦੌਰਾਨ ਅਮੀਰ ਹੋਰ ਅਮੀਰ ਹੋਇਆ ਤੇ ਵੱਡੀ ਗਿਣਤੀ ਵਿੱਚ ਜੰਨਤਾ ਗਰੀਬ ਹੋਈ ਹੈ।ਉਹ ਮਹਿੰਗਾਈ , ਭ੍ਰਿਸ਼ਟਾਚਾਰ ਤੇ ਬੇਰੁਜਗਾਰੀ ਦੀ ਚੱਕੀ ਵਿੱਚ ਪਿਸਦੀ ਰਹੀ।ਦੇਸ਼ ਦੇ ਲੋਕ ਕਾਂਗਰਸ ਪਾਰਟੀ ਦੇ ਰਾਜ ਤੋਂ ਇੰਨਾ ਤੰਗ ਆ ਗਏ ਸਨ ਕਿ ਉਹ ਦੇਸ਼ ਵਿੱਚ ਵੱਡਾ ਬਦਲਾਅ ਵੇਖਣਾ ਚਾਹੁੰਦੇ ਸਨ ।ਅੱਜ ਤੋਂ ਇਕ ਦਹਾਕੇ ਤੋਂ ਵੱਧ ਪਹਿਲਾਂ ਦੇ ਸਮੇਂ ਦੌਰਾਨ ਇਕ ਭਾਰਤੀ ਜਨਤਾ ਪਾਰਟੀ ਨਾਂ ਦੀ ਪਾਰਟੀ ਦੇਸ਼ ਵਿੱਚ ਉਭੱਰ ਕੇ ਆਈ ਜਿਸ ਨੇ ਸ੍ਰੀ ਨਰਿੰਦਰ ਮੋਦੀ ਨੂੰ ਆਪਣਾ ਲੀਡਰ ਬਣਾਇਆ ਜਿਸ ਨੇ ਆਪਣੇ ਲੱਛੇਦਾਰ ਭਾਸ਼ਣਾ ਵਿੱਚ ਲੋਕਾਂ ਨੂੰ ਬੜੇ ਸਬਜਬਾਗ ਵਿਖਾਏ ਕਿ ਲੋਕ ਇਨਾਂ ਦੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿੱਚ ਆ ਗਏ ਹਾਲਾਂ ਕਿ ਦੇਸ਼ ਦੇ ਵੱਡੀ ਗਿਣਤੀ ਵਿੱਚ ਲੋਕ ਇਹ ਵੀ ਜਾਣਦੇ ਸਨ ਕਿ ਇਹ ਇਕ ਨੰਬਰ ਦੀ ਫਿਰਕੂ ਪਾਰਟੀ ਹੈ ਜਿਸ ਨੂੰ ਕੱਟੜ ਹਿੰਦੂਆਂ ਦੀ ਪਾਰਟੀ ਆਖਿਆ ਜਾ ਸਕਦਾ ਹੈ ਇਹ ਮੁਸਲਮਾਨਾਂ ਦੇ ਸਖਤ ਵਿਰੋਧੀ ਹੈ ।ਦੇਸ਼ ਦੀਂ ਅਜਾਦੀ ਵਿੱਚ ਇਨਾਂ ਦਾ ਰੋਲ ਸਿਫਰ ਦਾ ਸੀ ਇਹ ਆਪਣੇ ਆਪ ਨੂੰ ਅੰਗਰੇਜਾਂ ਦਾ ਭਗਤ ਦਸਦੀ ਸੀ।ਇਥੋਂ ਤਕ ਕਿ ਦੇਸ਼ ਦੇ ਰਾਸ਼ਟਰ ਪਿਤਾ ਆਖੇ ਜਾਂਦੇ ਮਹਾਤਮਾ ਗਾਂਧੀ ਜਿਸ ਨੇ ਦੇਸ਼ ਦੀ ਅਜਾਦੀ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਉਸ ਨੂੰ ਗੋਲੀ ਮਾਰ ਕੇ ਕੱਤਲ ਵੀ ਇਨਾਂ ਦੇ ਆਗੂ ਨਥੂ ਰਾਮ ਗੋਡਸੇ ਨੇ ਗੋਲੀਆਂ ਮਾਰ ਕੇ ਕੀਤਾ ਸੀ ਦੇਸ਼ ਦੇ ਲੋਕਾਂ ਨੂੰ ਕੋਈ ਹੋਰ ਬਦਲਵਾਂ ਹੱਲ ਨਾ ਨਜਰ ਆਉਂਦਾ ਵੇਖ ਕੇ ਦੇਸ਼ ਦੇ ਲੋਕਾਂ ਨੇ ਇਸ ਪਾਰਟੀ ਦੇ ਆਗੂ ਸ੍ਰੀ ਨਰਿੰਦਰ ਮੋਦੀ ਵਲੋਂ ਚੋਣ ਜਲਸਿਆਂ ਵਿੱਚ ਦਿੱਤੇ ਜਾਂਦੇ ਭਾਸ਼ਨਾਂ ਕਿ ਸਾਡੀ ਸਰਕਾਰ ਬਣਾਓ ਸਾਡੀ ਸਰਕਾਰ ਹਰ ਸਾਲ ਦੋ ਕਰੋੜ ਨੌਜੁਆਨਾਂ ਨੂੰ ਰੁਜਗਾਰ ਦੇਵੇਗੀ , ਵਿਦੇਸ਼ਾਂ ਵਿੱਚ ਰਾਜਨੀਤਕਾਂ ਦੇ ਪਏ ਕਾਲੇ ਧੰਨ ਨੂੰ ਭਾਰਤ ਲਿਆ ਕੇ ਹਰ ਪੰਜ ਜੀਆਂ ਵਾਲੇ ਪ੍ਰੀਵਾਰ ਦੇ ਖਾਤੇ ਵਿੱਚ 15,15 ਲੱਖ ਰੁਪਏ ਪਾਏ ਜਾਣਗੇ , ਦੇਸ਼ ਵਿੱਚੋਂ ਮਹਿੰਗਾਈ, ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇਗਾ , ਕਿਸਾਨਾਂ ਦੀ ਆਮਦਨ ਦੁਗਣੀ ਕੀਤੀ ਜਾਵੇਗੀ ਵਗੈਰਾ ਵਗੈਰਾ।

ਦੇਸ਼ ਦੇ ਲੋਕਾਂ ਨੇ ਇਹ ਜਾਣਦਿਆਂ ਕਿ ਭਾਵੇਂ ਇਹ ਪਾਰਟੀ ਕਟੱੜ ਹਿੰਦੂਤੱਵੀ ਪਾਰਟੀ ਹੈ ਇਸ ਦੇ ਆਗੂ ਵਲੋਂ ਦਿੱਤੇ ਜਾਂਦੇ ਭਾਸਣਾਂ ਤੇ ਵਿਸ਼ਵਾਸ਼ ਕਰ ਲਿਆ ਤੇ ਦੇਸ਼ ਵਿੱਚ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਬਣਾ ਦਿੱਤੀ ।ਇਸ ਨੇ ਬਣਨ ਉਪਰੰਤ ਜੰਨਤਾ ਨਾਲ ਕੀਤੇ ਵਾਅਦਿਆਂ ਨੂੰ ਦਰ ਕਿਨਾਰ ਕਰਦਿਆਂ ਪਾਰਟੀ ਦੇ ਇਕ ਸਿਰ ਕੱਢ ਆਗੂ ਨੇ ਲੋਕਾਂ ਦੀਆਂ ਮੰਗਾਂ ਨੂੰ ਚੁਣਾਵੀ ਜੁਮਲੇ ਦਸ ਕੇ ਉਨਾਂ ਤੋਂ ਪੱਲਾ ਝਾੜ ਕੇ ਆਪਣਾ ਅਸਲੀ ਹਿੰਦੂ ਤੱਵੀ ਚਿਹਰਾ ਵਿਖਾਉਣਾ ਸ਼ੁਰੂ ਕਰ ਦਿਤਾ ਸੀ।ਜੋ ਜੋ ਚੋਣ ਜਲਸਿਆਂ ਵਿੱਚ ਵੱਡੇ ਵੱਡੇ ਲੋਕ ਹਿਤੈਸ਼ੀ ਦਗਮਗੇ ਮਾਰੇ ਗਏ ਉਨਾਂ ਨੂੰ ਛਿੱਕੇ ਟੰਗ ਕੇ ਆਪਣੇ ਹਿੰਦੂ ਤੱਵੀ ਰੂਪ ਵਿੱਚ ਆ ਗਏ ਦੇਸ਼ ਦੇ ਲੋਕ ਜਾਣਦੇ ਹਨ ਕਿ ਕਿਵੇਂ ਗਊ ਦੇ ਮਾਸ ਦਾ ਰੋਲਾ ਘਿਚੋਲਾ ਸ਼ੁਰੂ ਕਰਕੇ ਵੱਡੀ ਗਿਣਤੀ ਵਿੱਚ, ਮੁਸਲਮਾਨਾਂ ਦਾ ਮੋਬ ਲਿਚਿੰਗਿ ਕਰਾ ਕੇ ਵੱਡੀ ਪੱਧਰ ਤੇ ਘਾਣ ਕੀਤਾ ਗਿਆ , ਬਾਬਰੀ ਮਸਜਿਦ ਉਸਾਰਨਾ , ਮੁਸਲਮਾਨਾਂ ਦੇ ਪ੍ਰਾਂਤ ਜੰਮੂ ਕਸ਼ਮੀਰ ਨੂੰ ਤੋੜ ਕੇ ਕੇਂਦਰੀ ਸ਼ਾਂਸਤ ਪ੍ਰਦੇਸ਼ ਬਣਾ ਦਿੱਤਾ , ਮੁਸਲਮਾਨਾਂ ਨੂੰ ਜੰਮੂ ਕਸ਼ਮੀਰ ਵਿੱਚ ਮਿਲੀ ਵਿਸ਼ੇਸ਼ ਸਹੂਲਤ ਧਾਰਾ 370 ਅਤੇ 35 ਏ ਖਤਮ ਕਰ ਦਿੱਤੀ ਉਨਾਂ ਨੂੰ ਕਈ ਵਰ੍ਹੇ ਕਸ਼ਮੀਰ ਵਿੱਚ ਫੌਜ ਤੇ ਅਰਧ ਸੈਨਿਕ ਬਲਾਂ ਦੀ ਸਹਾਇਤਾ ਨਾਲ ਘਰਾਂ ਵਿੱਚ ਤਾੜ ਕੇ ਰਖਿਆ ਗਿਆ ਇਥੋਂ ਤਕ ਕਿ ਉਨਾਂ ਦੇ ਮਨੁੱਖੀ ਅਧਿਕਾਰ ਖੋਹ ਲਏ ਗਏ। ਦੇਸ਼ ਵਿੱਚ ਮੁਸਲਮਾਨਾਂ ਤੇ ਹੋਰ ਘਟ ਗਿਣਤੀਆਂ ਤੇ ਦਲਿਤਾਂ ਵਿਰੋਧੀ ਕਾਰਵਾਈਆਂ ਸੂਰੂ ਕਰਕੇ ਮਨੂੰਵਾਦੀ ਸਿਧਾਂਤ ਨੂੰ ਦੇਸ਼ ਵਿੱਚ ਜਬਰੀ ਲਾਗੂ ਕਰਨਾ ਸ਼ੁਰੂ ਕੀਤਾ ਹੋਇਆ ਹੈ।ਦੇਸ਼ ਵਿੱਚ ਮੁਸਲਮਾਨਾਂ ਦੀ ਗਿਣਤੀ 25 ਕਰੋੜ ਤੋਂ ਵਧੇਰੇ ਦਸੀ ਜਾਂਦੀ ਹੈ ।ਭਾਰਤੀ ਜੰਨਤਾ ਪਾਰਟੀ ਦੇ ਲੋਕ ਇਹ ਸਮਝਦੇ ਹਨ ਕਿ ਉਨਾਂ ਨੇ ਇਨੀ ਵੱਡੀ ਗਿਣਤੀ ਵਿੱਚ ਮੁਸਲਮਾਨਾਂ ਦੇ ਪ੍ਰਾਂਤ ਕਸ਼ਮੀਰ ਨੂੰ ਤਹਿਸ ਨਹਿਸ ਕਰ ਦਿੱਤਾ ਉਨਾਂ ਦੇ ਅਧਿਕਾਰ ਖੋਹ ਲਏ ਉਨਾਂ ਨੂੰ ਕੁਸਕਣ ਤੇ ਚੂੰ ਤਕ ਨਹੀਂ ਕਰਨ ਦਿੱਤਾ ।ਪੰਜਾਬ ਦੇ ਲੋਕ ਵਿਸ਼ੇਸ਼ ਕਰਕੇ ਸਿੱਖਾਂ ਜਿਨਾ ਦੀ ਗਿਣਤੀ ਜਿਹੜੀ ਹੈ ਹੀ ਦੋ ਕਰੋੜ ਉਹ ਕਿਹੜੀ ਬਾਗ ਦੀ ਮੂਲੀ ਹਨ ਇਨਾਂ ਨੂੰ ਡਰਾਉਣਾ ਉਨਾਂ ਲਈ ਇਨਾ ਔਖਾ ਨਹੀਂ ਹੈ।

ਪੰਜਾਬ ਦੇ ਵਾਸੀ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵਿੱਚ ਵੱਡਾ ਰੋੜਾ ਹਨ ਇਸੇ ਸੋਚ ਨਾਲ ਪੰਜਾਬ ਦੇ ਲੋਕਾਂ ਵਿਸ਼ੇਸ਼ ਕਰਕੇ ਸਿੱਖਾਂ ਨੂੰ ਦਬਾਉਣ ਲਈ ਉਨਾ ਨੇ ਕਿਸਾਨਾਂ ਜਿਸ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਹੀ ਹਨ ਉਨਾਂ ਤੇ ਤਿੰਨ ਕਾਲੇ ਕਾਨੂੰਨ ਜਬਰੀ ਠੋਸੇ ਗਏ ਜਿਸ ਦਾ ਨਤੀਜਾ ਪੰਜਾਬੀਆਂ ਨੇ ਦੇਸ਼ ਦੇ ਹੋਰ ਪ੍ਰਾਂਤਾਂ ਹਰਿਆਣਾ, ਰਾਜਿਸਥਾਨ ,ਯੂ ਪੀ ਅਤੇ ਦੇਸ਼ ਦੇ ਹੋਰ ਕਿਸਾਨਾਂ ਨਾਲ ਏਕਾ ਉਸਾਰ ਕੇ ਲਗ ਭਗ ਡੇਢ ਸਾਲ ਉਹ ਭਾਂਜ ਮੋਦੀ ਸਰਕਾਰ ਨੂੰ ਦਿੱਤੀ ਕਿ ਉਹ ਹੀ ਮੋਦੀ ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਸ ਦੇ ਮੂੰਹੋਂ ਨਿਕਲੇ ਲਫਜ ਕਦੇ ਵਾਪਿਸ ਨਹੀਂ ਹੁੰਦੇ ਉਸੇ ਮੋਦੀ ਦੇ ਮੂੰਹੋਂ ਬਿਨਾ ਸ਼ਰਤ ਤਿੰਨੇ ਦੇ ਤਿੰਨੇ ਕਿਸਾਨ ਵਿਰੋਧੀ ਕਾਨੂੰਨ ਵਾਪਿਸ ਕਰਾਏ ਸਨ ।ਭਾਰਤੀ ਜੰਨਤਾ ਪਾਰਟੀ ਟੋਹ ਟੋਹ ਕੇ ਵੇਖਦੀ ਹੈ ਕਿ ਪੰਜਾਬੀ ਕਿਨੇ ਕੁ ਲੜਣ ਦੇ ਸਮਰੱਥ ਹਨ। ਇਸੇ ਸੋਚ ਨਾਲ ਇਸ ਨੇ ਹੁਣ ਫਿਰ ਪੰਜਾਬ ਦੀ ਵਿਰਾਸਤ 'ਪੰਜਾਬ ਯੂਨੀਵਰਸਿਟੀ' ਜਿਹੜੀ ਦੇਸ਼ ਦੀ ਅਜਾਦੀ ਤੋਂ ਪਹਿਲਾਂ ਲਾਹੌਰ ਹੋਇਆ ਕਰਦੀ ਸੀ ਉਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦੀ ਨੀਅਤ ਨਾਲ ਉਸ ਨੂੰ ਕੇਂਦਰੀ ਯੂਨੀਵਰਸਿਟੀ ਬਣਾਏ ਜਾਣ ਦਾ ਨੋਟੀਫੀਕੇਸ਼ਨ ਕੱਢ ਮਾਰਿਆ ਕਿ ਹੁਣ ਇਸ ਦੀਆਂ ਸੀਨੇਟ ਚੋਣਾਂ ਹੋਣ ਦੀ ਥਾਂ ਤੇ ਸਰਕਾਰ ਵਲੋਂ ਨਾਮਜਦਗੀਆਂ ਕੀਤੀਆਂ ਜਾਣਗੀਆਂ।

ਇਸ ਦਾ ਅਸਰ ਹਨੇਰੀ ਵਾਂਗ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਤੇ ਹੋਇਆ ਕਿ ਉਨਾਂ ਨੇ ਸਾਰੀਆਂ ਵਿਦਿਆਰਥੀ ਜਥੇਬੰਦੀਆਂ ਨਾਲ ਏਕਾ ਉਸਾਰ ਕੇ 'ਪੰਜਾਬ ਯੂਨੀਵਰਸਿਟੀ ਬਚਾਉ ਮੋਰਚਾ' ਉਸਾਰ ਕੇ ਵਾਈਸ ਚਾਂਸਲਰ ਦੇ ਦਫਤਰ ਅਗੇ ਨਿਰੰਤਰ ਧਰਨਾ ਅਰੰਭ ਦਿੱਤਾ। ਉਨਾਂ ਨੇ ਨਾਅਰਾ ਦਿੱਤਾ ਕਿ ਪੰਜਾਬ ਯੂਨੀਵਰਸਿਟੀ ਦਾ ਭਗਵਾਂਕਰਨ ਕਰਨ ਨਹੀਂ ਦਿੱਤਾ ਜਾਵੇਗਾ ਉਨਾਂ ਨੇ ਆਪਣੇ ਧਰਨੇ ਵਾਲੀ ਥਾਂ ਤੇ ਰ ਸ ਸ ਦੀ ਖਾਕੀ ਨਿਕਰ ਵੀ ਟੰਗ ਦਿੱਤੀ ਤੇ ਨਾਲ ਹੀ ਭਾਸ਼ਣ ਦੇਣੇ ਸ਼ੁਰੂ ਕਰ ਦਿੱਤੇ ਕਿ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਜਿਹੜੀ ਰ ਸ ਸ ਦੀ ਦਸੀ ਜਾਂਦੀ ਸੀ ਤੇ ਇਸ ਨੇ ਆਪਣੀ ਸੋਚ ਦਾ ਟੀਚਿੰਗ ਸਟਾਫ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਜਿਸ ਦਾ ਵਿਦਿਆਰਥੀ ਆਗੂਆਂ ਨੇ ਇਨਾ ਵਿਰੋਧ ਕੀਤਾ ਕਿ ਪੰਜਾਬ ਯੂਨੀਵਰਸਿਟੀ ਦਾ ਪ੍ਰਸ਼ਾਸ਼ਨ ਇੰਨਾ ਡਰ ਗਿਆ ਕਿ ਕੇਂਦਰ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਜਿਸ ਨੇ ਉਕਤ ਐਲਾਨ ਕੀਤੇ ਸਨ ਉਨਾਂ ਨੂੰ ਵਾਪਿਸ ਲੈਣ ਦਾ ਐਲਾਨ ਕਰ ਦਿੱਤਾ ਦੂਜੇ ਤਰਫ ਵਿਦਿਆਰਥੀ ਆਗੂਆ ਨੇ 10 ਨਵੰਬਰ 2025 ਨੂੰ ਚੰਡੀਗੜ੍ਹ ਵਿਖੇ ਪੰਜਾਬ ਦੀਆਂ ਸਮੂਹ ਪਾਰਟੀਆਂ, ਕਿਸਾਨ ਤੇ ਹੋਰ ਜਥੇਬੰਦੀਆਂ ਨੂੰ ਪੁਜੱਣ ਦੀ ਅਪੀਲ ਕਰ ਦਿੱਤੀ। ਹਫਲੇ ਅਤੇ ਘਬਰਾਏ ਹੋਏ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਉਤੋਉੜਤੀ ਚਾਰ ਨੋਟੀਫੀਕੇਸ਼ਨ ਜਾਰੀ ਕਰਕੇ ਪੰਜਾਬੀਆਂ ਤੋਂ ਖਹਿੜਾ ਛੁਡਾਉਣਾ ਪਿਆ। ਹਾਲੇ ਇਹ ਅੱਗ ਧੁੱਖ ਹੀ ਰਹੀ ਸੀ ਕਿ ਕੇਂਦਰੀ ਗ੍ਰਹਿ ਮੰਤਰੀ ਨੇ ਚੰਡੀਗੜ੍ਹ ਨੂੰ ਸਦਾ ਲਈ ਕੇਂਦਰ ਅਧੀਨ ਰੱਖੇ ਜਾਣ ਦੀ ਨੀਅਤ ਨਾਲ ਕੇਂਦਰੀ ਸ਼ਾਸਤ ਪਰਦੇਸ਼ ਬਣਾਉਣ ਦਾ ਐਲਾਨ ਕੱਢ ਮਾਰਿਆ ਕਿ ਇਸ ਦਾ ਪੰਜਾਬੀਆਂ ਨੇ ਇੰਨਾ ਵਿਰੋਧ ਕੀਤਾ ਕਿ ਇਹ ਐਲਾਨ ਵੀ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਤੁਰੰਤ ਵਾਪਿਸ ਲੈਣਾ ਪਿਆ ।ਕਹਿਣ ਦਾ ਭਾਵ ਕੇਂਦਰ ਦੀ ਮੋਦੀ ਸਰਕਾਰ ਦੀ ਧੋਣ ਵਿੱਚ ਅੜੇ ਕਿਲੇ ਨੂੰ ਪੰਜਾਬੀਆਂ ਨੇ ਤਿੰਨ ਚਾਰ ਵਾਰ ਕੱਢ ਕੇ ਦਸ ਦਿੱਤਾ ਕਿ ਪੰਜਾਬ ਗਲਤ ਕੀਮਤਾਂ ਅੱਗੇ ਝੁੱਕਣ ਵਾਲਾ ਨਹੀਂ ਹੈ ਇਹ ਪੰਜਾਬ ਹੈ ਪੰਜਾਬ। ਜਦੋਂ ਦੀ ਮੋਦੀ ਸਰਕਾਰ ਹੋਂਦ ਵਿੱਚ ਆਈ ਹੈ ਇਸ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ ਉਨਾਂ ਤੋਂ ਮੁਨਕਰ ਹੋ ਕੇ ਉਹ ਹਿੰਦੂਤਵੀ ਕੰਮ ਸ਼ੁਰੂ ਕਰ ਦਿੱਤੇ ਹਨ ਜਿਨਾਂ ਦਾ ਚੋਣਾਂ ਤੋਂ ਪਹਿਲਾਂ ਕਿਧਰੇ ਵੀ ਜਿਕਰ ਤਕ ਨਹੀਂ ਸੀ। ਪਿਛਲੇ ਕੁਝ ਸਮੇਂ ਤੋਂ ਮੋਦੀ ਸਰਕਾਰ ਕਦੇ ਮੁਸਲਿਮ ਸ਼ਹਿਰਾਂ, ਰੇਲਵੇ ਸਟੇਸ਼ਨਾਂ ,ਦਿਲੀ ਦੀਆਂ ਸੜਕਾਂ,ਥਾਵਾਂ ਦੇ ਨਾਂ ਜਿਹੜੇ ਮੁਦਤਾਂ ਤੋਂ ਮੁਸਲਮਾਨਾਂ ਦੇ ਨਾਵਾਂ ਤੇ ਚਲਦੇ ਆ ਰਹੇ ਸਨ ਉਨਾਂ ਨੂੰ ਬਦਲ ਕੇ ਉਨਾਂ ਦਾ ਹਿੰਦੂ ਤੇ ਹਿੰਦੀ ਕਰਨ ਕਰਦੀ ਆ ਰਹੀ ਹੈ। ਇਨਾ ਨੇ ਰਾਮ ਮੰਦਰ ਬਣਾਉਣ ਤੋਂ ਬਾਅਦ ਇਕ ਹੋਰ ਨਾਅਰਾ ਦੇ ਦਿੱਤਾ ਹੈ ਕਿ ਭਾਰਤੀ ਜੰਨਤਾ ਪਾਰਟੀ ਦੀ ਸਰਕਾਰ ਦੇਸ਼ ਵਿੱਚ 'ਰਾਸ਼ਟਰ ਮੰਦਰ' ਬਣਾਉਣਾ ਚਾਹੁੰਦੀ ਹੈ ਭਾਵ ਸਪਸ਼ਟ ਹੈ ਕਿ ਦੇਸ਼ ਨੂੰ ਜਬਰੀ 'ਹਿੰਦੂ ਰਾਸ਼ਟਰ' ਬਣਾਉਣ ਦੀ ਭਾਵਨਾ ਰੱਖਦੀ ਹੈ ਰਾਜਨੀਤਕਾਂ ਦਾ ਮੰਨਣਾ ਹੈ ਜਿਸ ਦਿਨ ਇਨਾਂ ਨੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦਾ ਯਤਨ ਸ਼ੁਰੂ ਕੀਤਾ।

ਸੰਸਾਰ ਭਰ ਦੇ ਲੋਕ ਇਹ ਵੀ ਭਲੀਭਾਂਤ ਜਾਣਦੇ ਹਨ ਕਿ ਸਾਰਾ ਦੱਖਣ, ਪੰਜਾਬ, ਜੰਮੂ ਕਸ਼ਮੀਰ ਇਸ ਨੂੰ ਕਦੇ ਸਵੀਕਾਰ ਨਹੀਂ ਕਰੇਗਾ ਤੇ ਦੇਸ਼ ਫਿਰ ਟੋਟੇ ਟੋਟੇ ਹੋ ਜਾਵੇਗਾ। ਦੇਸ਼ ਭਰ ਦੇ ਹਿੰਦੂ ਜਿਹੜੇ ਕਟੜ੍ਹਵਾਦੀ ਨਹੀਂ ਹਨ,ਆਪਣੀ ਸੋਚ ਨੂੰ ਧਰਮ ਨਿਰਪੇਖ ਰੱਖਦੇ ਹਨ ਉਨਾਂ ਨੂੰ ਨਿਸ਼ੰਗ ਅਗੇ ਆਉਣਾ ਪੈਣਾ ਹੈ ਤੇ ਭਾਰਤੀ ਜੰਨਤਾ ਪਾਰਟੀ ਦੀ ਸੋਚ ਕਿ ਦੇਸ਼ ਨੂੰ "ਹਿੰਦੂ ਰਾਸ਼ਟਰ" ਬਣਾਉਣ ਹੈ ਦੀ ਸੋਚ ਵਿਰੁਧ ਡੱਟ ਕੇ ਖੜਣਾ ਪੈਣਾ ਹੈ। ਜੇਕਰ ਉਹ ਇਸ ਸਾਰੇ ਵਰਤਾਰੇ ਨੂੰ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ ਤਾਂ ਉਹ ਦਿਨ ਫਿਰ ਦੂਰ ਨਹੀਂ ਦੇਸ਼ ਨੂੰ ਬਰਬਾਦ ਹੋਣ ਤੋਂ ਕੋਈ ਨਹੀਂ ਰੋਕ ਸਕਦਾ!! ਇਸ ਦੇ ਜਿੰਮੇਵਾਰ ਖੁਦ ਹਿੰਦੂ ਹੀ ਸਮਝੇ ਜਾਣਗੇ ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com


PACIFIC ATLANTIC
INSURANCE SERVICES INC.
AGENCY LIC# 6022536
ਕਿਸੇ ਵੀ ਤਰ੍ਹਾਂ ਦੀ insurance ਕਰਾਉਣ ਲਈ ਕਾਲ ਕਰੋ
ਅਸੀਂ ਹੇਠ ਲਿਖੀਆਂ ਸੇਵਾਵਾਂ ਦਿੰਦੇ ਹਾਂ
ਟਰੱਕਇੰਗ ਬਿਜ਼ਨਸ (ਟਰੱਕ /ਟ੍ਰੇਲਰ) ਦੀ ਇੰਸ਼ੋਰੈਂਸ
ਕਮਰਸ਼ੀਅਲ ਪ੍ਰਾਪਰਟੀ ਦੀ ਇੰਸ਼ੋਰੈਂਸ
ਕਾਰੋਬਾਰ ਦੀ ਇੰਸ਼ੋਰੈਂਸ
ਕਾਰ ਜਾਂ ਘਰ ਦੀ ਇੰਸ਼ੋਰੈਂਸ
ਅਸੀਂ Compatible ਰੇਟ ਦਿੰਦੇ ਹਾਂ, ਕਿਤੇ ਹੋਰ ਜਾਣ ਤੋਂ ਪਹਿਲਾ ਸਾਡੇ ਰੇਟ ਜਰੂਰ ਚੈੱਕ ਕਰੋ
ਅਤੇ Free QUOTE ਲਈ ਕਾਲ ਕਰੋ
ਸੰਪਰਕ ਕਰੋ
Farhan Ali
CLIENT RELATIONS MANAGER
Jessie Ghangas
BROKER AGENT CA LIC# 0171673
(916)800-9828
621 Houston Street W. Sacramento, CA 95691
OFFICE : (530)556-8004
Support@pacificatlanticsvs.com | www.pacificatlanticsvs.com
ਅਸੀਂ ਪੰਜਾਬੀ ਹਿੰਦੀ ਉਰਦੂ ਇੰਗਲਿਸ਼ ਅਤੇ ਸਪੇਨਿਸ਼ ਵਿਚ ਗੱਲ ਕਰ ਸਕਦੇ ਹਾਂ
VISIT US ON :

WE HAVE THE CHEAPEST FARES TO INDIA

LEGEND TRAVEL



arc accredited agency
CST # 207524-40

Special Fares To India From West-coast (us) On Air India Direct Flights




JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108, FREMONT CA 94536 PH.: 510-797-9010

Website: www.legendamerica.net

Emirates | CATHAY PACIFIC | ASIANA AIRLINES | JET AIRWAYS | CHINA AIRLINES | BRITISH AIRWAYS | SINGAPORE AIRLINES | Lufthansa | ANA

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿਂਕ ਿਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੇਂਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:** 7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:** 4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:** 2 ਸਾਲਾਂ ਵਿੱਚ 58% ਵਾਧਾ

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**

**Call : +91 73038-88722**

**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and
Post Cards to promote your business
BUSINESS CARD DESIGN
WE DESIGN YOUR
BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਅਮਰੀਕਾ 'ਚ ਵਿਸ਼ਵ ਕੱਪ ਫੁੱਟਬਾਲ ਟੂਰਨਾਮੈਂਟ ਦੌਰਾਨ ਵੀਜ਼ਾ ਲੈਣ ਦਾ ਸੁਨਹਿਰੀ ਮੌਕਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਵ੍ਹਾਈਟ ਹਾਊਸ ਦੇ ਓਵਲ ਦਫ਼ਤਰ 'ਚ 2026 ਫੀਫਾ ਵਿਸ਼ਵ ਕੱਪ 'ਤੇ ਵ੍ਹਾਈਟ ਹਾਊਸ ਟਾਸਕ ਫੋਰਸ ਨਾਲ ਮੀਟਿੰਗ ਦੌਰਾਨ 'ਫੀਫਾ ਪਾਸ' ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਫੀਫਾ ਪ੍ਰਧਾਨ ਗਿਆਨੀ ਇਨਫੈਂਟੀਨੋ, ਸੈਕਟਰੀ ਆਫ਼ ਸਟੇਟ ਮਾਰਕੋ ਰੂਬੀਓ ਅਤੇ ਫੀਫਾ ਦੇ ਸੀਨੀਅਰ ਸਲਾਹਕਾਰ ਕਾਰਲੋਸ ਵੀ ਮੌਜੂਦ ਸਨ। ਟਰੰਪ ਪ੍ਰਸ਼ਾਸਨ ਟੂਰਨਾਮੈਂਟ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਸਰੋਤ ਸਮਰਪਿਤ ਕਰ ਰਿਹਾ ਹੈ ਅਤੇ ਸੰਯੁਕਤ ਰਾਜ ਅਮਰੀਕਾ ਵਿਚ ਮੈਚਾਂ 'ਚ ਸ਼ਾਮਲ ਹੋਣ ਵਾਲੇ ਪ੍ਰਸ਼ੰਸਕਾਂ ਲਈ ਸੁਰੱਖਿਆ 'ਤੇ ਤੀਬਰਤਾ ਨਾਲ ਕੇਂਦ੍ਰਿਤ ਕੀਤਾ ਗਿਆ ਹੈ, ਜੋ ਟੂਰਨਾਮੈਂਟ ਦੇ 104 ਵਿਚੋਂ 78 ਮੈਚਾਂ ਦੀ ਮੇਜ਼ਬਾਨੀ ਕਰੇਗਾ। ਫੀਫਾ ਦੇ ਪ੍ਰਧਾਨ ਗਿਆਨੀ ਇਨਫੈਂਟੀਨੋ ਨੇ ਕਿਹਾ ਕਿ "ਫੀਫਾ ਪਾਸ" ਨਾਮ ਵਿਚ "ਪਾਸ" ਦਾ ਅਰਥ ਹੈ "ਪ੍ਰਾਥਮਿਕਤਾ ਵਾਲੀਆਂ ਮੁਲਾਕਾਤਾਂ ਸ਼ਡਿਊਲਿੰਗ ਸਿਸਟਮ"। ਜੇਕਰ ਤੁਹਾਡੇ ਕੋਲ ਵਿਸ਼ਵ ਕੱਪ ਲਈ ਟਿਕਟ ਹੈ, ਤਾਂ ਤੁਸੀਂ ਆਪਣਾ ਵੀਜ਼ਾ ਪ੍ਰਾਪਤ ਕਰਨ ਲਈ ਤਰਜੀਹੀ ਮੁਲਾਕਾਤਾਂ ਕਰ ਸਕਦੇ ਹੋ। ਇਨਫੈਂਟੀਨੋ ਨੇ ਕਿਹਾ ਕਿ 48 ਟੀਮਾਂ ਦੇ ਇਸ ਵਿਸਤ੍ਰਿਤ ਟੂਰਨਾਮੈਂਟ ਲਈ 6 ਤੋਂ 70 ਮਿਲੀਅਨ ਟਿਕਟਾਂ




ਵਿਕਣ ਦੀ ਉਮੀਦ ਹੈ। ਟਰੰਪ ਪ੍ਰਸ਼ਾਸਨ ਅਗਲੇ ਸਾਲ ਵਿਸ਼ਵ ਕੱਪ ਲਈ ਅਮਰੀਕਾ ਜਾਣ ਵਾਲੇ ਵਿਦੇਸ਼ੀ ਲੋਕਾਂ ਲਈ ਇੱਕ ਨਵੀਂ ਪਹਿਲਕਦਮੀ ਦਾ ਐਲਾਨ ਕਰ ਰਿਹਾ ਹੈ, ਜੋ ਉਨ੍ਹਾਂ ਨੂੰ ਵੀਜ਼ਾ ਲਈ ਇੰਟਰਵਿਊ ਜਲਦੀ ਲੈਣ ਦੀ ਆਗਿਆ ਦੇਵੇਗਾ।

ਟਰੰਪ ਨੇ ਕਿਹਾ ਕਿ ਉਹ ਅਮਰੀਕਾ ਜਾਣ ਵਾਲੇ ਵਿਸ਼ਵ ਕੱਪ ਯਾਤਰੀਆਂ ਨੂੰ "ਤੁਰੰਤ" ਆਪਣੇ ਵੀਜ਼ਾ ਲਈ ਅਰਜ਼ੀ ਦੇਣ ਲਈ "ਜ਼ੋਰਦਾਰ" ਉਤਸ਼ਾਹਿਤ ਕਰਦੇ ਹਨ।

ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਕਿਹਾ ਕਿ ਪ੍ਰਸ਼ਾਸਨ ਨੇ ਵੀਜ਼ਾ ਦੀ ਮੰਗ ਨੂੰ ਪੂਰਾ ਕਰਨ ਲਈ ਦੁਨੀਆਂ ਭਰ ਵਿਚ 400 ਤੋਂ ਵੱਧ ਵਾਧੂ ਕੌਂਸਲਰ ਅਫਸਰ ਭੇਜੇ ਹਨ ਅਤੇ ਦੁਨੀਆਂ ਦੇ ਲਗਭਗ 80 ਪ੍ਰਤੀਸ਼ਤ ਵਿਚ, ਅਮਰੀਕਾ ਜਾਣ ਵਾਲੇ ਯਾਤਰੀ 60 ਦਿਨਾਂ ਦੇ ਅੰਦਰ ਵੀਜ਼ਾ ਅਪੁਆਇੰਟਮੈਂਟ ਪ੍ਰਾਪਤ ਕਰ ਸਕਦੇ ਹਨ। ਨਵੀਂ ਪ੍ਰਣਾਲੀ ਤਹਿਤ, ਜਿਨ੍ਹਾਂ ਲੋਕਾਂ ਨੇ ਫੀਫਾ ਰਾਹੀਂ ਟਿਕਟਾਂ ਖਰੀਦੀਆਂ ਹਨ, ਉਨ੍ਹਾਂ ਨੂੰ "ਫੀਫਾ ਪੋਰਟਲ" ਰਾਹੀਂ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ, ਜੋ ਵਿਦੇਸ਼ ਵਿਭਾਗ ਵਿਚ ਉਨ੍ਹਾਂ ਦੀ ਵੀਜ਼ਾ ਅਰਜ਼ੀ ਅਤੇ ਇੰਟਰਵਿਊ ਨੂੰ ਤਰਜੀਹ ਦੇਣ ਵਿਚ ਮਦਦ ਕਰੇਗਾ। ਜ਼ਿਕਰਯੋਗ ਹੈ ਕਿ ਅਗਲੇ ਸਾਲ ਵਿਸ਼ਵ ਕੱਪ ਦੌਰਾਨ, ਕੈਨੇਡਾ, ਮੈਕਸੀਕੋ ਅਤੇ ਸੰਯੁਕਤ ਰਾਜ ਅਮਰੀਕਾ ਵਿਚ 104 ਮੈਚ ਖੇਡੇ ਜਾਣਗੇ। ਨਿਊਯਾਰਕ, ਲਾਸ ਏਂਜਲਸ, ਡੱਲਾਸ ਅਤੇ ਮਿਆਮੀ ਸਮੇਤ ਗਿਆਰਾਂ ਅਮਰੀਕੀ ਸ਼ਹਿਰ, ਮੈਕਸੀਕੋ ਅਤੇ ਕੈਨੇਡਾ ਦੇ ਸਥਾਨਾਂ ਦੇ ਨਾਲ-ਨਾਲ ਸੈਲਾਨੀਆਂ ਦਾ ਸਵਾਗਤ ਕਰਨਗੇ।

## 20 ਸਾਲਾਂ ਤੋਂ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਰਹਿ ਰਹੀ ਮਹਿਲਾ ਕੁੱਤੇ ਕਾਰਨ ਹੋ ਸਕਦੀ ਹੈ ਡਿਪੋਰਟ

ਫਲੋਰਿਡਾ
ਸਾਂਝੀ ਸੋਚ ਬਿਊਰੋ



ਅਮਰੀਕਾ 'ਚ ਪਿਛਲੇ 20 ਸਾਲਾਂ ਤੋਂ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੀ ਇੱਕ ਔਰਤ ਨੂੰ ਇੱਕ ਕੁੱਤੇ ਉੱਤੇ ਕੌਫੀ ਸੁੱਟਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। 935 ਵੱਲੋਂ ਉਸ ਨੂੰ ਹਿਰਾਸਤ ਵਿਚ ਰੱਖ ਕੇ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਫਲੋਰੀਡਾ ਸਟੇਟ ਦੇ ਵਾਲੂਸੀਆ ਕਾਉਂਟੀ ਸ਼ੈਰਿਫ ਦੇ ਦਫਤਰ ਨੇ ਰਿਪੋਰਟ ਦਿੱਤੀ ਹੈ ਕਿ ਨੀਨਾ ਜੈਸਕਲੇਨਨ ਨੇ ਕਥਿਤ ਤੌਰ 'ਤੇ ਕੁੱਤੇ ਸਮੇਤ ਉਸ ਦੀ ਮਾਲਕਣ ਅਤੇ ਉਸ ਦੇ ਬੱਚੇ 'ਤੇ ਕੌਫੀ ਸੁੱਟ ਦਿੱਤੀ, ਜਿਸ ਨਾਲ ਉਹ ਪ੍ਰਭਾਵਿਤ ਹੋਏ। ਔਰਤ ਦਾ ਕੁੱਤਾ ਖੁੱਲ੍ਹ ਗਿਆ ਸੀ, ਜਿਸ ਕਰਕੇ ਨੀਨਾ ਨੇ ਡਰ ਦੇ ਮਾਰੇ ਉਸ 'ਤੇ ਕੌਫੀ ਸੁੱਟ ਦਿੱਤੀ। ਭਾਵੇਂ ਕਿ ਉਹ ਕੌਫੀ ਕੁੱਤੇ 'ਤੇ ਸੁੱਟਣਾ ਚਾਹੁੰਦੀ ਸੀ, ਪਰ ਇਸ ਦੇ ਨਾਲ-ਨਾਲ ਉਸ ਦੀ ਮਾਲਕਣ ਅਤੇ ਉਸ ਦੇ ਬੱਚੇ 'ਤੇ ਵੀ ਕੌਫੀ ਸੁੱਟੀ ਗਈ। ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਅਧਿਕਾਰੀਆਂ ਨੇ ਰਿਪੋਰਟ ਦਿੱਤੀ ਹੈ ਕਿ ਨੀਨਾ ਜੈਸਕਲੇਨਨ ਤਕਰੀਬਨ 20 ਸਾਲ ਪਹਿਲਾਂ ਟੂਰਿਸਟ ਵੀਜ਼ਾ 'ਤੇ ਅਮਰੀਕਾ 'ਚ ਦਾਖਲ ਹੋਈ ਸੀ ਅਤੇ ਉਹ ਲਗਾਤਾਰ ਬਿਨਾਂ ਕਿਸੇ ਸਟੇਟਸ ਤੋਂ ਇਥੇ ਰਹਿ ਰਹੀ ਸੀ।

ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਅਪਰਾਧਿਕ ਕਾਰਵਾਈ ਪੂਰੀ ਹੋਣ ਤੋਂ ਬਾਅਦ ਜੈਸਕਲੇਨਨ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਡੀ.ਐੱਚ.ਐੱਸ. ਦੀ ਸਹਾਇਕ ਸਕੱਤਰ ਟਰੇਸੀਆ ਮੈਕਲਾਫਨਿਨ ਨੇ ਕਿਹਾ ਕਿ 2 ਦਹਾਕਿਆਂ ਤੋਂ ਵੱਧ ਸਮੇਂ ਤੋਂ ਜੈਸਕਲੇਨਨ ਇੱਥੇ ਰਹਿ ਰਹੀ ਹੈ, ਜਿਸ 'ਤੇ ਵੱਡੀ ਕਾਰਵਾਈ ਕੀਤੀ ਜਾਵੇਗੀ। ਇਸ ਤਰ੍ਹਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਜਾ ਰਹੀਆਂ ਹਨ, ਤਾਂਕਿ ਅਮਰੀਕੀ ਪਰਿਵਾਰ ਇਨ੍ਹਾਂ ਚੀਜ਼ਾਂ ਦਾ ਸ਼ਿਕਾਰ ਨਾ ਹੋ ਸਕਣ।

## ਅਮਰੀਕਾ 'ਚ ਆਉਣ ਵਾਲੇ ਸਾਲਾਂ 'ਚ ਇਨਕਮ ਟੈਕਸ ਪੂਰੀ ਤਰ੍ਹਾਂ ਹੋ ਸਕਦੈ ਖਤਮ!

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ



ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੰਕੇਤ ਦਿੱਤਾ ਹੈ ਕਿ ਆਉਣ ਵਾਲੇ ਸਾਲਾਂ 'ਚ ਅਮਰੀਕਾ 'ਚ ਇਨਕਮ ਟੈਕਸ ਪੂਰੀ ਤਰ੍ਹਾਂ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਟੈਰਿਫ ਤੋਂ ਇੰਨਾ ਜ਼ਿਆਦਾ ਪੈਸਾ ਕਮਾਏਗੀ ਕਿ ਇਨਕਮ ਟੈਕਸ ਦੀ ਲੋੜ ਹੀ ਨਹੀਂ ਪਵੇਗੀ। ਟੈਰਿਫ ਇਕ ਤਰ੍ਹਾਂ ਦਾ ਟੈਕਸ ਹੈ, ਜੋ ਦੂਜੇ ਦੇਸ਼ਾਂ ਤੋਂ ਆਉਣ ਵਾਲੇ ਸਾਮਾਨ 'ਤੇ ਲਾਇਆ ਜਾਂਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਕਮਾਈ ਕਾਰਨ ਅਮਰੀਕੀ ਨਾਗਰਿਕਾਂ ਨੂੰ ਆਪਣੀ ਕਮਾਈ 'ਤੇ ਕੋਈ ਟੈਕਸ ਨਹੀਂ ਦੇਣਾ ਪਵੇਗਾ, ਜਿਸ ਨਾਲ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ। ਇਹ ਪ੍ਰਸਤਾਵ ਅਮਰੀਕੀ ਅਰਥਵਿਵਸਥਾ ਅਤੇ ਟੈਕਸ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਬਦਲ ਸਕਦਾ ਹੈ। ਉਨ੍ਹਾਂ ਕਿਹਾ ਕਿ ਅਗਲੇ ਕੁਝ ਸਾਲਾਂ 'ਚ ਇਨਕਮ ਟੈਕਸ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ ਅਤੇ ਹੋ ਸਕਦਾ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਜਾਵੇ। ਇਹ ਇਕ ਸਦੀ ਤੋਂ ਵੀ ਵੱਧ ਸਮੇਂ 'ਚ ਅਮਰੀਕੀ ਟੈਕਸ ਪ੍ਰਣਾਲੀ 'ਚ ਸਭ ਤੋਂ ਵੱਡਾ ਬਦਲਾਅ ਹੋਵੇਗਾ।

## ਮੁਹਾਲੀ ਵਿਚ 5100 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਿਆਰੀ

ਮੁਹਾਲੀ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਨੇ ਸ਼ਹਿਰੀ ਵਿਕਾਸ ਨੂੰ ਹੁਲਾਰਾ ਦੇਣ ਲਈ ਮੁਹਾਲੀ 'ਚ ਨੌਂ ਨਵੇਂ ਸੈਕਟਰ ਅਤੇ ਨਿਊ ਚੰਡੀਗੜ੍ਹ ਵਿਚ ਦੋ ਨਵੀਆਂ ਟਾਊਨਸ਼ਿਪਾਂ ਵਿਕਸਿਤ ਕਰਨ ਦੀ ਤਿਆਰੀ ਕਰ ਲਈ ਹੈ। ਇਸ ਮਕਸਦ ਲਈ ਸਰਕਾਰ 5100 ਏਕੜ ਤੋਂ ਵੱਧ ਜ਼ਮੀਨ ਐਕੁਆਇਰ ਕਰ ਰਹੀ ਹੈ। ਸੀਨੀਅਰ ਅਧਿਕਾਰੀ ਮੁਤਾਬਕ ਭੌਂ ਪ੍ਰਾਪਤੀ ਕਾਨੂੰਨ 2013 ਦੀ ਧਾਰਾ 11 ਤਹਿਤ ਮੁਹਾਲੀ ਵਿੱਚ 4059 ਏਕੜ ਜ਼ਮੀਨ ਐਕੁਆਇਰ ਕਰਨ ਲਈ ਜਲਦੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਯੋਜਨਾ ਮੁਤਾਬਕ ਮੁਹਾਲੀ ਵਿਚ ਕੌਮਾਂਤਰੀ ਹਵਾਈ ਅੱਡੇ ਨੇੜੇ ਐਰੋਟ੍ਰੋਪੋਲਿਸ ਦੇ ਵਿਸਥਾਰ (ਬਲਾਕ ਈ ਤੋਂ ਜੇ) ਲਈ 3535 ਏਕੜ ਜ਼ਮੀਨ ਐਕੁਆਇਰ ਕੀਤੀ ਜਾਵੇਗੀ। ਇਸ ਤੋਂ ਇਲਾਵਾ 524 ਏਕੜ ਜ਼ਮੀਨ ਨਵੇਂ ਸੈਕਟਰ 87 (ਵਪਾਰਕ), 101 (ਕੁਝ ਹਿੱਸਾ) ਅਤੇ 103 (ਸਨਅਤੀ) ਲਈ ਰਾਖਵੀਂ ਰੱਖੀ ਗਈ ਹੈ। ਇਸ ਸਬੰਧੀ ਕਾਨੂੰਨ ਮੁਤਾਬਕ ਜ਼ਰੂਰੀ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਮਾਹਿਰਾਂ ਦੀ ਕਮੇਟੀ ਨੇ ਇਸ ਨੂੰ ਹਰੀ ਝੰਡੀ ਦੇ ਦਿੱਤੀ ਹੈ। ਦੂਜੇ ਪਾਸੇ, ਨਿਊ ਚੰਡੀਗੜ੍ਹ ਵਿਚ ਪਹਿਲਾਂ ਤੋਂ ਹੀ ਐਕੁਆਇਰ ਕੀਤੀ ਜਾ ਰਹੀ 1048 ਏਕੜ ਜ਼ਮੀਨ ਲਈ ਮੁਆਵਜ਼ਾ ਐਵਾਰਡ ਤਿਆਰ ਕਰ ਲਏ ਗਏ ਹਨ। ਇਨ੍ਹਾਂ ਵਿਚ ਈਕੋ ਸਿਟੀ-3 ਲਈ 720 ਏਕੜ ਅਤੇ ਮੈਡੀਸਿਟੀ ਨੇੜੇ ਬਣਨ ਵਾਲੀ ਨਵੀਂ ਟਾਊਨਸ਼ਿਪ ਲਈ 328 ਏਕੜ ਜ਼ਮੀਨ ਸ਼ਾਮਲ ਹੈ। ਇਨ੍ਹਾਂ ਐਵਾਰਡਾਂ ਦਾ ਐਲਾਨ ਜਲਦੀ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜ ਸ਼ੁਰੂ ਹੋ ਸਕਣਗੇ।

## ਕੈਲੀਫੋਰਨੀਆ 'ਚ 80 ਹਜ਼ਾਰ ਗੈਰ ਦਸਤਾਵੇਜ਼ੀ ਵਿਦਿਆਰਥੀਆਂ ਦਾ ਭਵਿੱਖ ਖਤਰੇ 'ਚ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਨੇ ਕੈਲੀਫੋਰਨੀਆ ਦੇ ਗੈਰ ਦਸਤਾਵੇਜ਼ੀ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਦੇ ਵਿਰੋਧ ਵਿਚ ਮੁਕੱਦਮਾ ਦਾਇਰ ਕੀਤਾ ਹੈ। ਇਸ ਨਾਲ ਇਥੇ 80 ਹਜ਼ਾਰ ਦੇ ਕਰੀਬ ਗੈਰ ਦਸਤਾਵੇਜ਼ੀ ਕਾਲਜ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿਚ ਪੈ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਵਕਤ ਡੀਏਸੀਏ ਦੇ ਅਧੀਨ ਆਉਂਦੇ ਇਨ੍ਹਾਂ ਬੱਚਿਆਂ ਨੂੰ ਟਿਊਸ਼ਨ ਦਰਾਂ ਦਾ ਭੁਗਤਾਨ ਕਰਨ ਲਈ ਔਸਤਨ ਪ੍ਰਤੀ ਸਮੈਸਟਰ 19 ਡਾਲਰ ਅਦਾ ਕਰਨੇ ਪੈਂਦੇ ਹਨ, ਜਦਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਔਸਤਨ 5286 ਡਾਲਰ ਫੀਸ ਲਈ ਜਾਂਦੀ ਹੈ। 2001 ਦੇ ਰਾਜ ਕਾਨੂੰਨ ਅਤੇ ਕੈਲੀਫੋਰਨੀਆ ਡਰੀਮ ਐਕਟ ਦੇ ਤਹਿਤ ਧਅਛਅ ਵਿਦਿਆਰਥੀਆਂ ਤੋਂ ਰਿਆਇਤ ਦਰਾਂ 'ਤੇ ਫੀਸ ਲਈ ਜਾਂਦੀ ਹੈ, ਜਿਸ ਨਾਲ ਇਹ ਵਿਦਿਆਰਥੀ ਆਪਣੀ ਸਿੱਖਿਆ ਪੂਰੀ ਕਰ ਲੈਂਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਧੀਨ ਨਿਆਂ ਵਿਭਾਗ ਨੇ ਇਸ ਦੇ ਤਿੰਨ ਜਨਤਕ ਉੱਚ ਸਿੱਖਿਆ ਪ੍ਰਣਾਲੀਆਂ 'ਤੇ ਮੁਕੱਦਮਾ ਕੀਤਾ ਹੈ। ਇਸ ਨਾਲ ਕੈਲੀਫੋਰਨੀਆ ਡਰੀਮ ਐਕਟ ਨੂੰ ਖਤਮ ਕਰਨ ਲਈ ਰਾਹ ਖੁੱਲ੍ਹ ਗਿਆ ਹੈ, ਤਾਂਕਿ ਜੋ ਅਮਰੀਕਾ ਦੇ ਨਾਗਰਿਕ ਨਹੀਂ ਹਨ, ਉਨ੍ਹਾਂ ਨੂੰ ਇਹ ਸਹਾਇਤਾ ਨਾ ਮਿਲ ਸਕੇ।

ਕੈਲੀਫੋਰਨੀਆ ਤੋਂ ਇਲਾਵਾ ਟੈਕਸਾਸ, ਕੈਂਟੁਕੀ, ਇਲੀਨੋਇਸ, ਓਕਲਾਹੋਮਾ, ਮਿਨੀਸੋਟਾ ਸਮੇਤ ਹੋਰਨਾਂ ਰਾਜਾਂ ਵਿਚ ਵੀ ਇਹ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਇਨ੍ਹਾਂ ਰਾਜਾਂ ਦੇ ਆਗੂ ਇਸ ਕਾਨੂੰਨ ਦੇ ਬਚਾਅ ਲਈ ਉਪਰਾਲੇ ਕਰ ਰਹੇ ਹਨ। ਕੈਲੀਫੋਰਨੀਆ 'ਚ ਦੇਸ਼ ਵਿਚ ਸਭ ਤੋਂ ਵੱਧ ਗੈਰ ਦਸਤਾਵੇਜ਼ੀ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ।

ਕੈਲੀਫੋਰਨੀਆ ਦੇ ਅਟਾਰਨੀ ਜਨਰਲ ਰੌਬ ਬੋਂਟਾ ਨੇ ਕਿਹਾ ਹੈ ਕਿ ਉਹ ਇਸ ਕੇਸ ਦੀ ਸਮੀਖਿਆ ਕਰਨਗੇ ਅਤੇ ਇਸ ਦੇ ਲਈ ਢੁੱਕਵੇਂ ਜਵਾਬ ਦਿੱਤੇ ਜਾਣਗੇ। ਬੋਂਟਾ ਦਾ ਕਹਿਣਾ ਹੈ ਕਿ ਟਿਊਸ਼ਨ ਅਤੇ ਸਹਾਇਤਾ ਨੀਤੀਆਂ ਲਈ ਕੈਲੀਫੋਰਨੀਆ ਕਾਨੂੰਨ ਅਨੁਸਾਰ ਆਪਣੇ ਹੀ ਫੰਡਾਂ ਦਾ ਇਸਤੇਮਾਲ ਕਰ ਰਿਹਾ ਹੈ ਅਤੇ ਸਾਡੇ ਕੋਲ 10ਵੀਂ ਸੋਧ ਰਾਜ ਦੀ ਪ੍ਰਭੂਸੱਤਾ ਹੈ। 2001 ਵਿਚ ਕਾਨੂੰਨ ਨਿਰਮਾਤਾਵਾਂ ਨੇ ਅਭ-540 ਪਾਸ ਕੀਤਾ ਸੀ ਅਤੇ ਇਸ ਨਾਲ ਗੈਰ ਦਸਤਾਵੇਜ਼ੀ ਮਾਪਿਆਂ ਦੇ ਬੱਚਿਆਂ ਨੂੰ ਵੱਡਾ ਫਾਇਦਾ ਹੋਇਆ ਹੈ। ਆਗੂਆਂ ਦਾ ਕਹਿਣਾ ਹੈ ਕਿ ਗੈਰ ਦਸਤਾਵੇਜ਼ੀ ਮਾਪਿਆਂ ਦੇ ਬੱਚਿਆਂ ਦਾ ਕੋਈ ਕਸੂਰ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਨੂੰ ਇੱਥੇ ਸਿੱਖਿਆ ਦਾ ਹੱਕ ਹੁੰਦਾ ਹੈ।

# ਗੁਰਦੁਆਰਾ ਸਾਹਿਬ ਸੈਨ ਹੋਜ਼ੇ




## ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵੱਲੋਂ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਗੁਰਪੁਰਬ ਦੀਆਂ ਖੁਸ਼ੀਆਂ ਮਨਾਉਂਦੇ ਹੋਏ ਪ੍ਰਭਾਤ ਫੇਰੀਆਂ ਦਾ ਵਿਸ਼ੇਸ਼ ਪ੍ਰੋਗਰਾਮ ਬੜੇ ਸਤਿਕਾਰ ਅਤੇ ਪਿਆਰ ਨਾਲ ਰੱਖਿਆ ਗਿਆ ਹੈ

**ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ**

**18 ਦਸੰਬਰ ਤੋਂ 27 ਦਸੰਬਰ 2025 ਤੱਕ**

**ਰੋਜ਼ਾਨਾ ਸਵੇਰੇ 4:30 ਵਜੇ ਤੋਂ 5:30 ਵਜੇ**

**ਪ੍ਰਭਾਤ ਫੇਰੀਆਂ ਵਿੱਚ ਹਾਜ਼ਰੀ ਲਵਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ**





3636 Gurdwara Ave, San Jose, CA 95148, United States
www.sanjosegurdwara.org (408) 274-9373

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

HOMEOPATHIC NATURAL MEDICINES

When Tired of All Treatments,
For any Disease, at any Age
Try Alternative Treatment

Safe and Effective Medicines without any Side Effects



GURDIP S SANDHU

Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899 (925) 587-1148

Homeopathic Medicine and Notary Consultancy
9701 SARA ANN CT DUBLIN, CA 94568
PRACTICE UNDER PROVISION OF ACT SB_577 STATE OF CA

# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi


We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK






**1003 Moffat Blvd, Manteca CA 95336**

**209-239-1551**

# Chevron TRUCK STOP

OPEN PARKING, DELI, SHOWER, LAUNDRY

• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ



We accept all major fleet cards, credit cards including, Visa, MC, AE, Discover, Voyag and Writer Express.

(Or $9 off Chevron In-Store Purchase)

ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।

Contact :
BALRAJ SINGH PANNU
541-942-0105

Chevron

1250, Gateway Blvd. Cottage, OR 97424,
Ph : 541-942-4142 Fax : 541-942-9668

# PIONEER VILLA



Chevron

TRUCK PLAZA

MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE

WE ACCEPT-TCH T-CHECK
COM CHECK - EFS -
ALL MAJOR CREDIT CARDS

PREETI PANNU
(541) 369-2801
FAX (541) 369-3810

33180 HWY 228 HALSEY, OR 97348

## ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਵੱਲੋਂ 'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' 4 ਭਾਗ (ਸੰਪਾਦਕ : ਪ੍ਰੋ ਗੁਰਮੀਤ ਸਿੰਘ ਟਿਵਾਣਾ) ਖਾਲਸਾ ਦੀਵਾਨ ਸੁਸਾਇਟੀ ਵਿਰਾਸਤੀ ਗੁਰਦੁਆਰਾ ਸਾਹਿਬ, ਐਬਸਫੋਰਡ ਵਿਖੇ 13 ਦਸੰਬਰ, ਸ਼ਨੀਵਾਰ ਨੂੰ ਪੁਸਤਕ ਰਿਲੀਜ਼ ਸਮਾਰੋਹ

ਐਬਸਫੋਰਡ
ਸਾਂਝੀ ਸੋਚ ਬਿਊਰੋ




ਪੰਜਾਬੀ ਸਾਹਿਤ ਸਭਾ ਮੁਢਲੀ (ਰਜਿ.) ਐਬਸਫੋਰਡ, ਬੀਸੀ, ਕੈਨੇਡਾ ਵੱਲੋਂ 13 ਦਸੰਬਰ ਦਿਨ, ਸ਼ਨੀਵਾਰ ਨੂੰ 4 ਪੁਸਤਕਾਂ 'ਪ੍ਰੋ. ਕਿਸ਼ਨ ਸਿੰਘ ਰਚਨਾਵਲੀ' 4 ਭਾਗ (ਸੰਪਾਦਕ:ਪ੍ਰੋ. ਗੁਰਮੀਤ ਸਿੰਘ ਟਿਵਾਣਾ) ਰਿਲੀਜ਼ ਕੀਤੀਆਂ ਜਾਣਗੀਆਂ।ਪੁਸਤਕ ਰਿਲੀਜ਼ ਸਮਾਰੋਹ ਦੁਪਹਿਰ 12 ਵਜੇ ਖਾਲਸਾ ਦੀਵਾਨ ਸੁਸਾਇਟੀ (ਹੈਰੀਟੇਜ ਗੁਰਦੁਆਰਾ ਸਾਹਿਬ) ਸਾਊਥ ਫਰੇਜ਼ਰ ਵੇਅ, ਐਬਸਫੋਰਡ ਵਿਖੇ ਉਲੀਕਿਆ ਗਿਆ ਹੈ। ਇਸ ਮੌਕੇ 'ਤੇ ਸਮੂਹ ਸਾਹਿਤਕ ਸੰਸਥਾਵਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਆਉਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਸਮਾਗਮ ਵਿੱਚ 2025 ਦੌਰਾਨ ਅਕਾਲ ਚਲਾਣਾ ਕਰ ਗਈਆਂ, ਪੰਜਾਬੀ ਸਾਹਿਤ ਸਭਾ ਮੁਢਲੀ ਨਾਲ ਸਬੰਧਤ ਸਤਿਕਾਰਤ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਏਗੀ। ਵਧੇਰੇ ਜਾਣਕਾਰੀ ਲਈ ਡਾ. ਗੁਰਵਿੰਦਰ ਸਿੰਘ 604 825 1550, ਸੁਰਜੀਤ ਸਿੰਘ ਸਹੋਤਾ 604 897 2843, ਗੈਰੀ ਟਿਵਾਣਾ 604 807 6477, ਪਰਮਿੰਦਰ ਸਿੰਘ ਟਿਵਾਣਾ 236 458 7097 ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਮਾਨਸਾ
ਸਾਂਝੀ ਸੋਚ ਬਿਊਰੋ

ਫਰੀਡਮ ਫਾਈਟਰ ਉਤਰਾਅਧਿਕਾਰੀ ਸੰਸਥਾ ਪੰਜਾਬ ਜਿਲ੍ਹਾ ਮਾਨਸਾ ਦੀ ਮੀਟਿੰਗ ਮਿਤੀ 8.12.2025 ਨੂੰ ਜਿਲ੍ਹਾ ਪ੍ਰਧਾਨ ਰਘਵੀਰ ਸਿੰਘ ਜਟਾਣਾ ਦੀ ਪ੍ਰਧਾਨਗੀ ਹੇਠ ਬੱਚਤ ਭਵਨ ਜਿਲ੍ਹਾ ਮਾਨਸਾ ਵਿਖੇ ਹੋਈ। ਜਿਸ ਵਿੱਚ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਹੁਣ ਤੱਕ ਦੀਆਂ ਪੈਡਿੰਗ ਮੰਗਾਂ ਤੇ ਵਿਚਾਰ ਕੀਤਾ ਗਿਆ।

ਸਰਕਾਰੀ ਵੱਲੋਂ ਫਰੀਡਮ ਫਾਈਟਰ ਉਤਰਾਧਿਕਾਰੀ ਸੰਸਥਾ ਦੀਆਂ ਜਾਇਜ ਮੰਗਾਂ ਨਾ ਮੰਨਣ ਅਤੇ ਸੰਸਥਾ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਨਾ ਕਰਨ ਤੇ ਰੋਸ ਜ਼ਾਹਰ ਕੀਤਾ ਗਿਆ। ਇਹ ਵੀ ਵਿਚਾਰ ਕੀਤਾ ਗਿਆ ਕਿ ਆਉਣ ਵਾਲੀ 26 ਜਨਵਰੀ ਬਾਰੇ ਸੂਬਾ ਕਮੇਟੀ ਜੋ ਵੀ ਫੈਸਲਾ ਕਰੇਗੀ, ਉਤਰਾਧਿਕਾਰੀ ਸੰਸਥਾ ਜਿਲ੍ਹਾ ਮਾਨਸਾ ਉਸਦਾ ਸਮੱਰਥਨ ਕਰੇਗੀ।ਮੀਟਿੰਗ ਵਿੱਚ ਚਤਿੰਨ ਸਿੰਘ ਸੇਖੋਂ ਸੂਬਾ ਪ੍ਰਧਾਨ, ਜਿਲ੍ਹਾ ਪ੍ਰਧਾਨ ਰਘਵੀਰ ਸਿੰਘ ਜਟਾਣਾ, ਸ਼ਹਿਰੀ ਪ੍ਰਧਾਨ ਰਘਵੀਰ ਸਿੰਘ ਝੱਬਰ, ਹਰਬੰਸ ਸਿੰਘ ਨਿਧੱੜਕ ਮੀਤ ਪ੍ਰਧਾਨ, ਬਲਵੰਤ ਸਿੰਘ ਮੀਤ ਪ੍ਰਧਾਨ, ਜਗਸੀਰ ਲਾਲਿਆਂਵਾਲੀ ਖਜਾਨਚੀ ਅਤੇ ਸੁਖਦੀਪ ਕੌਰ ਪ੍ਰੈਸ ਸਕੱਤਰ ਆਦਿ ਨੇ ਭਾਗ ਲਿਆ।

# ਪੰਜਾਬੀ ਵਿਅਕਤੀ ਨੂੰ ਸੁਣਾਈ ਗਈ 25 ਸਾਲ ਦੀ ਕੈਦ ਦੀ ਸਜ਼ਾ

ਮੈਲਬੌਰਨ
ਸਾਂਝੀ ਸੋਚ ਬਿਊਰੋ



ਆਸਟ੍ਰੇਲੀਆ 'ਚ ਪੰਜਾਬੀ ਮੂਲ ਦੇ ਵਿਅਕਤੀ ਨੂੰ 25 ਸਾਲ ਦੀ ਬਿਨਾਂ ਪੈਰੋਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਬ੍ਰਿਸਬੇਨ ਸਥਿਤ ਸੁਪਰੀਮ ਕੋਰਟ ਨੇ ਤੋਯਾਹ ਕੋਰਡਿੰਗਲੀ ਦੇ ਕਤਲ ਮਾਮਲੇ ਵਿੱਚ ਰਾਜਵਿੰਦਰ ਸਿੰਘ ਨੂੰ ਸਜ਼ਾ ਸੁਣਾਈ ਹੈ।ਸਾਹਮਣੇ ਆਈ ਜਾਣਕਾਰੀ ਅਨੁਸਾਰ ਇਹ ਮਾਮਲਾ 2018 ਦਾ ਹੈ ਜਦੋ 24 ਸਾਲਾ ਤੋਯਾਹ ਦੀ ਲਾਸ਼ ਉੱਤਰੀ ਕੁਇਨਸਲੈਂਡ ਦੇ ਇੱਕ ਬੀਚ ਦੇ ਨੇੜੇ ਰੇਤ ਵਿਚ ਦੱਬੀ ਮਿਲੀ ਸੀ, ਜਿਸ ਤੋਂ ਬਾਅਦ ਪੁਲਿਸ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ। ਜਿਊਰੀ ਨੇ ਸੁਣਵਾਈ ਦੌਰਾਨ ਸਾਰੇ ਸਬੂਤਾਂ ਦੀ ਪਰਖ ਕਰਨ ਤੋਂ ਬਾਅਦ ਰਾਜਵਿੰਦਰ ਸਿੰਘ ਨੂੰ ਦੋਸ਼ੀ ਕਰਾਰ ਦਿੱਤਾ ਸੀ।ਮ੍ਰਿਤਕ ਤੋਯਾਹ ਦੇ ਸਰੀਰ 'ਤੇ ਹਮਲੇ ਦੇ ਨਿਸ਼ਾਨ ਵੀ ਮਿਲੇ ਸਨ ਅਤੇ ਉਸਦੀ ਗਰਦਨ 'ਤੇ ਗੰਭੀਰ ਵਾਰ ਕੀਤੇ ਗਏ ਸਨ ਇਸ ਤੋਂ ਇਲਾਵਾ ਲਾਸ਼ ਇਕ ਬੀਚ ਦੇ ਨੇੜੇ ਦੱਬੀ ਹੋਈ ਮਿਲੀ, ਜਦਕਿ ਉਸਦਾ ਕੁੱਤਾ ਨਜ਼ਦੀਕੀ ਦਰੱਖਤ ਨਾਲ ਬੰਨ੍ਹਿਆ ਪਾਇਆ ਗਿਆ ਸੀ। ਦੋਸ਼ੀ ਵਿਅਕਤੀ ਘਟਨਾ ਤੋਂ ਬਾਅਦ ਆਸਟ੍ਰੇਲੀਆ ਤੋਂ ਭਾਰਤ ਫਰਾਰ ਹੋ ਗਿਆ ਸੀ। ਆਸਟ੍ਰੇਲੀਅਨ ਅਧਿਕਾਰੀਆਂ ਦੀ ਸੂਚਨਾ 'ਤੇ ਦਿੱਲੀ ਪੁਲਿਸ ਨੇ ਉਸਨੂੰ 25 ਨਵੰਬਰ 2022 ਨੂੰ ਗ੍ਰਿਫ਼ਤਾਰ ਕੀਤਾ ਅਤੇ 10 ਜਨਵਰੀ 2023 ਨੂੰ ਉਸਨੂੰ ਆਸਟ੍ਰੇਲੀਆ ਵਾਪਸ ਲਿਆਂਦਾ ਗਿਆ।

# ਪਾਕਿਸਤਾਨ ਨੂੰ 12 ਸੂਬਿਆਂ ਵਿੱਚ ਵੰਡਣ ਦੀਆਂ ਤਿਆਰੀਆਂ!

ਲਾਹੌਰ
ਸਾਂਝੀ ਸੋਚ ਬਿਊਰੋ



ਪਾਕਿਸਤਾਨ ਦੇ ਚਾਰ ਸੂਬਿਆਂ ਨੂੰ 12 ਹਿੱਸਿਆਂ ਵਿੱਚ ਵੰਡਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਦੇਸ਼ ਦੇ ਸੰਚਾਰ ਮੰਤਰੀ ਅਬਦੁਲ ਅਲੀਮ ਖਾਨ ਨੇ ਕਿਹਾ ਹੈ ਕਿ ਛੋਟੇ ਸੂਬਿਆਂ ਦੀ ਸਿਰਜਣਾ ਹੁਣ ਤੈਅ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਸ਼ਾਸਨ ਬਿਹਤਰ ਹੋਵੇਗਾ। ਅਬਦੁਲ ਅਲੀਮ ਖਾਨ ਐਤਵਾਰ ਨੂੰ ਸ਼ੇਖੂਪੁਰਾ ਵਿੱਚ ਇਸਤਹਿਕਾਮ-ਏ-ਪਾਕਿਸਤਾਨ ਪਾਰਟੀ (ਆਈਪੀਪੀ) ਦੇ ਵਰਕਰ ਸੰਮੇਲਨ ਵਿੱਚ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਸਿੰਧ ਅਤੇ ਪੰਜਾਬ ਵਿੱਚ ਤਿੰਨ ਨਵੇਂ ਸੂਬੇ ਬਣਾਏ ਜਾ ਸਕਦੇ ਹਨ। ਇਸੇ ਤਰ੍ਹਾਂ ਦੀ ਵੰਡ ਬਲੋਚਿਸਤਾਨ ਅਤੇ ਖੈਬਰ ਪਖਤੂਨਖਵਾ ਵਿੱਚ ਵੀ ਹੋ ਸਕਦੀ ਹੈ। ਅਲੀਮ ਖਾਨ ਨੇ ਕਿਹਾ ਕਿ ਸਾਡੇ ਆਲੇ ਦੁਆਲੇ ਦੇ ਦੇਸ਼ਾਂ ਵਿੱਚ ਬਹੁਤ ਸਾਰੇ ਛੋਟੇ ਸੂਬੇ ਹਨ, ਇਸ ਲਈ ਪਾਕਿਸਤਾਨ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਅਲੀਮ ਖਾਨ ਦੀ ਪਾਰਟੀ, ਆਈਪੀਪੀ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਗੱਠਜੋੜ ਸਰਕਾਰ ਦਾ ਹਿੱਸਾ ਹੈ। ਪਾਕਿਸਤਾਨ ਸਰਕਾਰ ਨੇ ਅਜੇ ਤੱਕ ਅਧਿਕਾਰਤ ਨਕਸ਼ਾ ਜਾਰੀ ਨਹੀਂ ਕੀਤਾ ਹੈ, ਪਰ ਜਿਨ੍ਹਾਂ ਖੇਤਰਾਂ ਬਾਰੇ ਚਰਚਾ ਕੀਤੀ ਜਾ ਰਹੀ ਹੈ ਉਹ ਇਸ ਪ੍ਰਕਾਰ ਹਨ:

ਪੰਜਾਬ: ਉੱਤਰੀ ਪੰਜਾਬ, ਕੇਂਦਰੀ ਪੰਜਾਬ, ਦੱਖਣੀ ਪੰਜਾਬ

ਸਿੰਧ: ਕਰਾਚੀ ਸਿੰਧ, ਕੇਂਦਰੀ ਸਿੰਧ, ਉੱਪਰਲਾ ਸਿੰਧ

ਕੇਪੀ: ਉੱਤਰੀ ਕੇਪੀ, ਦੱਖਣੀ ਕੇਪੀ, ਕਬਾਇਲੀ ਕੇਪੀ/ਫਾਟਾ ਖੇਤਰ

ਬਲੋਚਿਸਤਾਨ: ਪੂਰਬੀ ਬਲੋਚਿਸਤਾਨ, ਪੱਛਮੀ ਬਲੋਚਿਸਤਾਨ, ਦੱਖਣੀ ਬਲੋਚਿਸਤਾਨ

ਬਿਲਾਵਲ ਭੁੱਟੋ ਦੀ ਪਾਰਟੀ, ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ), ਜੋ ਕਿ ਸ਼ਾਹਬਾਜ਼ ਸਰਕਾਰ ਦਾ ਹਿੱਸਾ ਹੈ, ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਸਿੰਧ ਦੀ ਵੰਡ ਦਾ ਹਰ ਕੀਮਤ 'ਤੇ ਵਿਰੋਧ ਕੀਤਾ ਜਾਵੇਗਾ। ਪੀਪੀਪੀ ਲੰਬੇ ਸਮੇਂ ਤੋਂ ਸਿੰਧ ਦੀ ਵੰਡ ਦਾ ਵਿਰੋਧ ਕਰਦੀ ਆ ਰਹੀ ਹੈ, ਖਾਸ ਕਰਕੇ ਇਸ ਖੇਤਰ ਵਿੱਚ। ਪਿਛਲੇ ਮਹੀਨੇ, ਸਿੰਧ ਦੇ ਮੁੱਖ ਮੰਤਰੀ ਮੁਰਾਦ ਅਲੀ ਸ਼ਾਹ ਨੇ ਸਪੱਸ਼ਟ ਤੌਰ 'ਤੇ ਚੇਤਾਵਨੀ ਦਿੱਤੀ ਸੀ ਕਿ ਸਿੰਧ ਦੇ ਹਿੱਤਾਂ ਦੇ ਵਿਰੁੱਧ ਕੋਈ ਵੀ ਕਾਰਵਾਈ ਬਰਦਾਸ਼ਤ ਨਹੀਂ ਕੀਤੀ ਜਾਵੇਗੀ।





JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GLG
GHUMAN LAW GROUP
Get the Legal Defence
you Deserve.
Why Choose Us?
Trusted Legal Experts
Personalized Strategies
Proven Track Record
Criminal Defence Law
DUI / DWI Defense
Drug Charges
Domestic Violence Defense
Assault & Battery Defense
Theft / Fraud / Financial Crimes
Probation Violations
Contact Us
info@ghumanlawgroup.com
ghumanlawgroup.org
+1 228-200-0001

# ਰਾਣੀ ਲਕਸ਼ਮੀ ਬਾਈ ਆਤਮ ਰੱਖਿਆ ਸਕੀਮ ਤਹਿਤ ਬਲਾਕ ਪੱਧਰੀ ਕਰਾਟੇ ਮੁਕਾਬਲੇ ਕਰਵਾਏ ਗਏ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਿਆਲਾ ਕਲਾਂ (ਕੁੜੀਆਂ) ਵਿਖੇ ਰਾਣੀ ਲਕਸ਼ਮੀ ਬਾਈ ਆਤਮ ਰੱਖਿਆ ਸਕੀਮ ਤਹਿਤ ਬਲਾਕ ਪੱਧਰੀ ਕਰਾਟੇ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਦਾ ਉਦਘਾਟਨ ਸਕੂਲ ਮੁਖੀ ਰੇਨੂ ਬਾਲਾ ਜੀ ਨੇ ਕੀਤਾ। ਉਹਨਾਂ ਨੇ ਖਿਡਾਰਣਾਂ ਨੂੰ ਕਰਾਟੇ (ਆਤਮ ਸੁਰੱਖਿਆ) ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਇਹਨਾਂ ਦੋ ਰੋਜ਼ਾ ਮੁਕਾਬਲਿਆਂ ਵਿੱਚ ਬਲਾਕ ਦੇ 32 ਸਕੂਲਾਂ ਦੀਆਂ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੀਆਂ 240 ਖਿਡਾਰਣਾਂ ਨੇ ਵੱਖ-ਵੱਖ ਭਾਰ ਵਰਗਾਂ ਵਿੱਚ ਭਾਗ ਲਿਆ। ਡੀ.ਪੀ.ਈ. ਪਾਲਾ ਸਿੰਘ ਨੇ ਦੱਸਿਆ ਕਿ ਮਿਡਲ ਵਰਗ ਦੇ 35 ਕਿੱਲੋ ਵਿੱਚ ਪਹਿਲਾ ਸਥਾਨ ਹਨੂਰ ਕੌਰ ਸਸਸ ਅਕਲੀਆਂ, ਦੂਸਰਾ ਸਥਾਨ ਅਮਨਾ ਕੌਰ, ਤੀਸਰਾ ਸਥਾਨ ਕਰਮਵੀਰ ਕੌਰ ਸਹਸ ਭੁਪਾਲ, 40 ਕਿੱਲੋ ਵਿੱਚ ਪਹਿਲਾ ਸਥਾਨ ਕੁਲਵੀਰ ਕੌਰ ਸਮਸ ਅਲੀਸ਼ੇਰ ਕਲਾਂ, ਦੂਸਰਾ ਸਥਾਨ ਦਿਲਪ੍ਰੀਤ ਕੌਰ ਸਸਸ ਕੋਟੜਾ ਕਲਾਂ, ਤੀਸਰਾ ਸਥਾਨ ਅਮਨਜੋਤ ਕੌਰ ਸਸਸ ਅਕਲੀਆ, 45 ਕਿੱਲੋ ਵਿੱਚ ਪਹਿਲਾ ਸਥਾਨ ਸੁਖਪ੍ਰੀਤ ਕੌਰ ਸਹਸ ਤਾਮਕੋਟ, ਦੂਸਰਾ ਸਥਾਨ ਕੁਲਦੀਪ ਕੌਰ ਸਸਸ ਖਿਆਲਾ ਕਲਾਂ, ਤੀਸਰਾ ਸਥਾਨ ਨਵਦੀਪ ਕੌਰ ਸਹਸ ਚਕੇਰੀਆ, +45 ਕਿੱਲੋ ਵਿੱਚ ਪਹਿਲਾ ਸਥਾਨ ਸੁਖਪ੍ਰੀਤ ਕੌਰ ਸਸਸ ਨੂਠਿਆਂਵਾਲੀ, ਦੂਸਰਾ ਸਥਾਨ ਕਮਲਪ੍ਰੀਤ ਕੌਰ ਸਮਸ ਅਲੀਸ਼ੇਰ ਕਲਾਂ, ਤੀਸਰਾ ਸਥਾਨ ਪਰਾਚੀ ਸਸਸਸ ਖਿਆਲਾ ਕਲਾਂ, ਜਦਕਿ ਸੀਨੀਅਰ ਵਰਗ ਦੇ 40 ਕਿੱਲੋ ਵਿੱਚ ਪਹਿਲਾ ਸਥਾਨ ਜ਼ਸਕਰਨਪ੍ਰੀਤ ਕੌਰ ਸਸਸ ਅਕਲੀਆਂ, ਦੂਸਰਾ ਸਥਨ ਅਰਸ਼ਦੀਪ ਕੌਰ ਸਸਸ ਅਤਲਾ ਕਲਾਂ, ਤੀਸਰਾ ਸਥਾਨ ਮੁਸਕਾਨ ਸਸਸਸ ਅਕਲੀਆ, 45 ਕਿੱਲੋ ਵਿੱਚ ਪਹਿਲਾ ਸਥਾਨ ਖੁਸ਼ਪ੍ਰੀਤ ਕੌਰ ਸਸਸ ਕੋਟੜਾ ਕਲਾਂ, ਦੂਸਰਾ ਸਥਾਨ ਸੁਖਪ੍ਰੀਤ ਕੌਰ ਸਸਸ ਮਾਨਸਾ, ਤੀਸਰਾ ਸਥਾਨ ਰਾਜਵੀਰ ਕੌਰ ਸਸਸ ਅਤਲਾ ਕਲਾਂ, 50 ਕਿੱਲੋ ਵਿੱਚ ਪਹਿਲਾ ਸਥਾਨ ਮਨਪ੍ਰੀਤ ਕੌਰ ਸਸਸ ਅਕਲੀਆਂ, ਦੂਸਰਾ ਸਥਾਨ ਰੀਤੂ ਰਾਣੀ ਸਹਸ ਭੁਪਾਲ, ਤੀਸਰਾ ਸਥਾਨ ਜ਼ਸਨਪ੍ਰੀਤ ਕੌਰ ਸਸਸ ਰੱਲਾ, +50 ਕਿੱਲੋ ਵਿੱਚ ਪਹਿਲਾ ਸਥਾਨ ਮਹਿਮਾ ਕੌਰ ਸਸਸ ਅਕਲੀਆ, ਦੂਸਰਾ ਸਥਾਨ ਗੁਰਲੀਨ ਕੌਰ ਸਸਸ ਕੋਟੜਾ ਕਲਾਂ, ਤੀਸਰਾ ਸਥਾਨ ਪੁਨੀਤ ਕੌਰ ਸਸਸ ਖਾਰਾ ਨੇ ਹਾਸਲ ਕੀਤਾ। ਇਸ ਸਮੇਂ ਲੈਕ. ਜੀਆ (ਕਨਵੀਨਰ), ਲੈਕ.



ਜਸਵਿੰਦਰ ਕੌਰ, ਲੈਕ. ਸਮਸੇਰ ਸਿੰਘ,ਲੈਕ. ਸਰਬਜੀਤ ਕੌਰ, ਵਿਨੋਦ ਕੁਮਾਰ ਕੁਮਾਰ ਪੀਟੀਆਈ, ਪਾਲਾ ਸਿੰਘ ਡੀ.ਪੀ.ਈ, ਮਾਨਤ ਸਿੰਘ, ਪੀਟੀਆਈ, ਰਾਜਦੀਪ ਸਿੰਘ ਡੀਪੀਈ, ਅਵਤਾਰ ਸਿੰਘ ਡੀ.ਪੀ.ਈ, ਨਾਇਬ ਸਿੰਘ ਡੀ.ਪੀ.ਈ., ਸਮਰਜੀਤ ਸਿੰਘ ਪੀ.ਟੀ.ਆਈ., ਰਾਜਨਦੀਪ ਸਿੰਘ, ਗੁਰਜੀਤ ਸਿੰਘ ,ਬਲਵੀਰ ਸਿੰਘ, ਬਲਵਿੰਦਰ ਸਿੰਘ, ਸਤਨਾਮ ਸਿੰਘ, ਰਾਜਵੀਰ ਮੋਦਗਿੱਲ, ਮਨਪ੍ਰੀਤ ਕੌਰ ਨੰਗਲ, ਕਰਨਜੀਤ ਕੌਰ, ਸਿਮਰਜੀਤ ਕੌਰ, ਡੀ.ਪੀ.ਈ., ਕਰਮਜੀਤ ਕੌਰ ਕੋਟੜਾ, ਪਰਵਿੰਦਰ ਸਿੰਘ ਕੋਚ, ਅਕਾਸ਼ਦੀਪ ਸਿੰਘ ਕੋਚ, ਹਰਦੀਪ ਕੌਰ ਕੋਚ, ਗਿੰਨੀ ਕੋਚ, ਹਰਜੀਤ ਸਿੰਘ ਡੀ.ਪੀ.ਈ., ਹਰਦੀਪ ਸਿੰਘ ਕਲਰਕ ਆਦਿ ਮੌਜੂਦ ਰਹੇ।

# ਸਤਨਾਮ ਸੰਧੂ ਨੇ ਰਾਜ ਸਭਾ 'ਚ ਚੁੱਕਿਆ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਦਾ ਮੁੱਦਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਰਾਜ ਸਭਾ ਵਿੱਚ ਪ੍ਰਵਾਸੀ ਸਿੱਖ ਪਰਿਵਾਰਾਂ ਦਾ ਮੁੱਦਾ ਚੁੱਕਿਆ, ਜਿਨ੍ਹਾਂ ਨੇ ਇਤਿਹਾਸਕ ਜੰਗਾਂ ਜਾਂ ਤਸ਼ੱਦਦਾਂ ਤੋਂ ਤੰਗ ਹੋ ਕੇ ਭਾਰਤ ਵਿੱਚ ਪਨਾਹ ਲਈ। ਐਮਪੀ ਸੰਧੂ ਨੇ ਕੇਂਦਰ ਸਰਕਾਰ ਕੋਲੋਂ ਸੰਸਦ ਵਿੱਚ ਇਨ੍ਹਾਂ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਭਲਾਈ ਲਈ ਚਲਾਈਆਂ ਗਈਆਂ ਯੋਜਨਾਵਾਂ ਦਾ ਵੇਰਵਾ ਵੀ ਮੰਗਿਆ। ਦੱਸਣਯੋਗ ਹੈ ਕਿ ਮੈਂਬਰ ਪਾਰਲੀਮੈਂਟ ਸਤਨਾਮ ਸਿੰਘ ਸੰਧੂ ਨੇ ਕੇਂਦਰੀ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਨੂੰ ਉਨ੍ਹਾਂ ਪ੍ਰਵਾਸੀ ਸਿੱਖ ਪਰਿਵਾਰਾਂ ਦੇ ਪੁਨਰਵਾਸ ਅਤੇ ਭਲਾਈ ਲਈ ਚਲਾਈਆਂ ਗਈਆਂ ਯੋਜਨਾਵਾਂ ਦਾ ਵੇਰਵਾ ਮੰਗਿਆ, ਜਿਹੜੇ ਹਾਲ ਦੇ ਸਾਲਾਂ ਵਿੱਚ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਹੋਰਨਾਂ ਦੇਸ਼ਾਂ ਤੋਂ ਵਾਪਸ ਆਏ ਹਨ। ਉਨ੍ਹਾਂ ਨੇ ਸੰਸਦ ਵਿੱਚ ਸਵਾਲ ਪੁੱਛਿਆ ਕਿ ਕੀ ਸਰਕਾਰ ਨੇ ਇਨ੍ਹਾਂ ਸਿੱਖ ਪਰਿਵਾਰਾਂ ਨੂੰ ਕਿਸੇ ਤਰ੍ਹਾਂ ਦੀ ਵਿੱਤੀ ਸਹਾਇਤਾ ਅਤੇ ਰਿਹਾਇਸ਼ ਦੀ ਸਹੂਲਤ ਮੁਹੱਈਆ ਕਰਵਾਈ ਹੈ। ਇਸ ਦੇ ਨਾਲ ਹੀ ਐਮਪੀ ਸੰਧੂ ਨੇ ਇਹ ਵੀ ਪੁੱਛਿਆ ਕਿ ਨਾਗਰਿਕਤਾ ਸੋਧ ਬਿੱਲ, 2019 ਦੇ ਤਹਿਤ ਕਿੰਨੇ ਸਿੱਖ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦਿੱਤੀ ਗਈ ਹੈ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਸਿੱਖ ਵਿਰਾਸਤ, ਸੱਭਿਆਚਾਰ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕੇ ਹਨ।ਐਮਪੀ ਸੰਧੂ ਦੇ ਸਵਾਲ ਦਾ ਲਿਖਤੀ ਰੂਪ ਵਿੱਚ ਜਵਾਬ ਦਿੰਦਿਆਂ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਜੌਰਜ ਕੁਰੀਅਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਦੇ ਤਹਿਤ ਮੰਤਰਾਲੇ ਵੱਲੋਂ ਇੱਕ ਯੋਜਨਾ ਲਾਗੂ ਕੀਤੀ ਜਾ ਰਹੀ ਹੈ, ਜਿਸ ਵਿੱਚ ਘੱਟ ਗਿਣਤੀ ਵਸੋਂ ਵਾਲੇ ਖੇਤਰਾਂ ਵਿੱਚ ਸਿੱਖਿਆ, ਸਿਹਤ, ਹੁਨਰ, ਮਹਿਲਾ ਸਸ਼ਕਤੀਕਰਨ 'ਤੇ ਕੰਮ ਕਰ ਰਹੀ ਹੈ। 11 ਲੱਖ ਤੋਂ ਜ਼ਿਆਦਾ ਬੁਨਿਆਦੀ ਢਾਂਚਾ ਸੰਪਤੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਲਗਭਗ 9 ਲੱਖ ਯੂਨਿਟ ਪੂਰੇ ਹੋ ਚੁੱਕੇ ਹਨ, ਇਨ੍ਹਾਂ ਪ੍ਰੋਜੈਕਟਾਂ 'ਤੇ ਕੁੱਲ 26,237 ਕਰੋੜ ਰੁਪਏ ਦੀ ਮਨਜ਼ੂਰ ਹੋਈ ਲਾਗਤ ਵਿੱਚੋਂ 16,300 ਕਰੋੜ ਰੁਪਏ ਸੂਬਿਆਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ ਅਤੇ ਕੇਂਦਰੀ ਦਫ਼ਤਰਾਂ ਨੂੰ ਜਾਰੀ ਕੀਤੇ ਜਾ ਚੁੱਕੇ ਹਨ।

ਕੇਂਦਰੀ ਮੰਤਰੀ ਨੇ ਦੱਸਿਆ ਕਿ "ਪ੍ਰਧਾਨ ਮੰਤਰੀ ਵਿਰਾਸਤ ਕਾ ਸੰਵਰਧਨ" (ਪੀਐਮ ਵਿਕਾਸ) ਯੋਜਨਾ ਦੇ ਤਹਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐਸਜੀਐਮਸੀ) ਨੂੰ 29,600 ਨੌਜਵਾਨਾਂ ਨੂੰ ਆਧੁਨਿਕ ਹੁਨਰ ਆਧਾਰਤ ਸਿਖਲਾਈ ਦੇਣ ਅਤੇ 2,000 ਵਿਦਿਆਰਥੀਆਂ ਨੂੰ ਸਕੂਲਾਂ ਵਿੱਚ ਵਾਪਸ ਲਿਆਉਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਕੇਂਦਰੀ ਘੱਟ ਗਿਣਤੀ ਮੰਤਰਾਲੇ ਦਾ ਕੌਮੀ ਘੱਟ ਗਿਣਤੀ ਵਿਕਾਸ ਅਤੇ ਵਿੱਤੀ ਕਾਰਪੋਰੇਸ਼ਨ ਸਿੱਖਾਂ ਸਮੇਤ ਹੋਰ ਸੂਚਿਤ ਘੱਟ ਗਿਣਤੀ ਸਮੂਹਾਂ ਦੀ ਸਮਾਜਿਕ ਅਤੇ ਆਰਥਿਕ ਉਨਤੀ ਅਤੇ ਸਵੈਰੋਜ਼ਗਾਰ ਲਈ ਕਰਜ਼ਾ ਵੀ ਦਿੰਦਾ ਹੈ। 1994 ਤੋਂ ਹੁਣ ਤੱਕ ਇਸ ਦੀਆਂ ਵੱਖ-ਵੱਖ ਯੋਜਨਾਵਾਂ ਦੇ ਤਹਿਤ 27.35 ਲੱਖ ਤੋਂ ਵੱਧ ਪਰਿਵਾਰਾਂ ਨੂੰ ਕੁੱਲ 10,225.83 ਕਰੋੜ ਰੁਪਏ ਦਾ ਭੁਗਤਾਨ ਕੀਤਾ ਜਾ ਚੁੱਕਿਆ ਹੈ। ਕੇਂਦਰੀ ਰਾਜ ਮੰਤਰੀ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿੱਚ ਪਾਕਿਸਤਾਨ, ਬੰਗਲਾਦੇਸ਼ ਅਤੇ ਅਫ਼ਗਾਨਿਸਤਾਨ ਦੇ 1,073 ਸਿੱਖਾਂ ਨੂੰ ਲੰਬੀ ਮਿਆਦ ਲਈ ਰਿਹਾਇਸ਼ੀ ਵੀਜ਼ੇ ਜਾਰੀ ਕੀਤੇ ਗਏ ਹਨ। ਇਨ੍ਹਾਂ ਵੀਜ਼ਾ ਧਾਰਕਾਂ ਦੇ ਬੱਚਿਆਂ ਲਈ ਸਿੱਖਿਆ, ਨੌਕਰੀਆਂ, ਘਰ ਖ਼ਰੀਦਣ, ਸਵੈਰੋਜ਼ਗਾਰ, ਬੈਂਕ ਖਾਤੇ ਖੋਲਣ, ਡਰਾਈਵਿੰਗ ਲਾਈਸੰਸ, ਪੈਨ ਅਤੇ ਆਧਾਰ ਵਰਗੀਆਂ ਸਹੂਲਤਾਂ ਉਪਲਬਧ ਹਨ।ਨਾਗਰਿਕਤਾ ਸੋਧ ਬਿੱਲ, 2019 ਦੇ ਤਹਿਤ ਜਿਹੜੇ ਸਿੱਖ ਸ਼ਰਨਾਰਥੀਆਂ ਨੂੰ ਨਾਗਰਿਕਤਾ ਦਿੱਤੀ ਗਈ ਹੈ, ਉਨ੍ਹਾਂ ਦੇ ਬਾਰੇ ਜਾਣਕਾਰੀ ਦਿੰਦੇ ਹੋਏ ਘੱਟ ਗਿਣਤੀ ਮਾਮਲਿਆਂ ਦੇ ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਦਿੱਲੀ (296), ਪੰਜਾਬ (13), ਹਰਿਆਣਾ (14), ਉੱਤਰਾਖੰਡ (8) ਅਤੇ ਮੱਧ ਪ੍ਰਦੇਸ਼ (6) ਸਣੇ ਪੰਜ ਸੂਬਿਆਂ ਵਿੱਚ 337 ਤੋਂ ਵੱਧ ਸਿੱਖ ਸ਼ਰਨਾਰਥੀਆਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਗਈ ਹੈ। ਭਾਰਤ ਅਤੇ ਵਿਦੇਸ਼ ਵਿੱਚ ਸਿੱਖ ਵਿਰਾਸਤ, ਸੱਭਿਆਚਾਰ ਅਤੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਬਾਰੇ ਚੁੱਕੇ ਗਏ ਕਦਮਾਂ 'ਤੇ ਜੌਰਜ ਕੁਰੀਅਨ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਜਨ ਵਿਕਾਸ ਪ੍ਰੋਗਰਾਮ ਦੇ ਤਹਿਤ ਦਿੱਲੀ ਯੂਨੀਵਰਸਿਟੀ ਵਿੱਚ ਗੁਰਮੁਖੀ ਦਾ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕੀਤਾ ਗਿਆ ਹੈ, ਜਿਸ ਨਾਲ ਪੰਜਾਬੀ ਭਾਸ਼ਾ ਪ੍ਰਫੁੱਲਿਤ ਹੋਵੇ ਅਤੇ ਘੱਟ ਗਿਣਤੀ ਸਮੂਹਾਂ ਦੀ ਸੱਭਿਆਚਾਰਕ ਵਿਰਾਸਤ ਸੁਰੱਖਿਅਤ ਰਹੇ।ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਮੰਤਰਾਲੇ ਨੇ 2016 ਤੋਂ ਹੁਣ ਤੱਕ 46 "ਹੁਨਰ ਹਾਟ" ਕਰਵਾਏ ਗਏ ਹਨ, ਜਿਨ੍ਹਾਂ ਨੂੰ ਹੁਣ "ਸੱਭਿਆਚਾਰਕ ਮੇਲਾ" ਕਿਹਾ ਜਾਂਦਾ ਹੈ।ਅਜਿਹੇ ਸਮਾਗਮਾਂ ਦੇ ਜ਼ਰੀਏ ਸਿੱਖ ਅਤੇ ਹੋਰ ਘੱਟ ਗਿਣਤੀ ਸਮੂਹਾਂ ਦੇ 8 ਲੱਖ ਤੋਂ ਜ਼ਿਆਦਾ ਕਾਰੀਗਰਾਂ ਨੂੰ ਆਪਣੀਆਂ ਦਸਤਕਾਰੀਆਂ ਅਤੇ ਦੇਸੀ ਉਤਪਾਦਾਂ ਨੂੰ ਵੇਚਣ ਦਾ ਮੌਕਾ ਮਿਲਿਆ, ਜਿਸ ਨਾਲ ਦੇਸ਼ ਭਰ ਵਿੱਚ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਹੁਨਰ ਨੂੰ ਪਛਾਣ ਮਿਲੀ।



# ਮੁੱਖ ਮੰਤਰੀ ਦੀ ਕੁਰਸੀ ਅਤੇ ਟਿਕਟਾਂ ਦੀ ਖਰੀਦੋ-ਫਰੋਖਤ 'ਤੇ ਕਾਂਗਰਸੀ ਆਗੂਆਂ ਨੂੰ ਦੇਣਾ ਪਵੇਗਾ ਜਵਾਬ: ਨੀਲ ਗਰਗ

ਮੈਲਬੋਰਨ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਨਵਜੋਤ ਕੌਰ ਸਿੱਧੂ ਵੱਲੋਂ ਕਾਂਗਰਸ 'ਤੇ ਮੁੱਖ ਮੰਤਰੀ ਦੇ ਅਹੁਦੇ ਲਈ 500 ਕਰੋੜ ਅਤੇ ਵਿਧਾਇਕਾਂ ਦੀਆਂ ਟਿਕਟਾਂ ਲਈ 5-5 ਕਰੋੜ ਰੁਪਏ ਦੀ ਕਥਿਤ 'ਡੀਲਿੰਗ' ਦੇ ਲਾਏ ਸਨਸਨੀਖੇਜ਼ ਦੋਸ਼ਾਂ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ।ਨੀਲ ਗਰਗ ਨੇ ਕਿਹਾ ਕਿ ਇਹ ਦੋਸ਼ ਨਾ ਸਿਰਫ ਹੈਰਾਨ ਕਰਨ ਵਾਲੇ ਹਨ, ਬਲਕਿ ਪੰਜਾਬ ਦੀ ਰਾਜਨੀਤੀ ਅਤੇ ਲੋਕਤੰਤਰ 'ਤੇ ਵੀ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜਿਨ੍ਹਾਂ 'ਤੇ ਇਹ ਦੋਸ਼ ਲੱਗੇ ਹਨ, ਉਹ ਹੁਣ ਤੱਕ ਚੁੱਪ ਕਿਉਂ ਹਨ?ਗਰਗ ਨੇ ਕਿਹਾ ਕਿ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਜਨਤਕ ਤੌਰ 'ਤੇ ਦਾਅਵਾ ਕਰ ਚੁੱਕੇ ਹਨ ਕਿ ਚੰਨੀ ਨੇ ਮੁੱਖ ਮੰਤਰੀ ਬਣਨ ਲਈ 350 ਕਰੋੜ ਰੁਪਏ ਦਿੱਤੇ ਸਨ। ਜੇ ਇਹ ਸੱਚ ਹੈ, ਤਾਂ ਕੀ ਇਹ ਪੰਜਾਬ ਦੀ ਜਨਤਾ ਨਾਲ ਧੋਖਾ ਨਹੀਂ ਹੈ? ਅਤੇ ਜੇ ਦੋਸ਼ ਗਲਤ ਹਨ, ਤਾਂ ਚੰਨੀ ਸਾਹਿਬ ਸਾਹਮਣੇ ਆ ਕੇ ਕਿਉਂ ਨਹੀਂ ਕਹਿੰਦੇ?ਗਰਗ ਨੇ ਨਵਜੋਤ ਕੌਰ ਸਿੱਧੂ ਵੱਲੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ 'ਤੇ ਲਗਾਏ ਗਏ ਗੰਭੀਰ ਦੋਸ਼ਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਬਾਜਵਾ ਵਰਗੇ ਵੱਡੇ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਦੀ ਚੁੱਪੀ ਜਨਤਾ ਵਿੱਚ ਕਈ ਸਵਾਲ ਖੜ੍ਹੇ ਕਰਦੀ ਹੈ। ਇੰਨੇ ਭਾਰੀ ਦੋਸ਼ਾਂ ਤੋਂ ਬਾਅਦ ਵੀ ਬਾਜਵਾ ਸਾਹਿਬ ਦੀ ਚੁੱਪੀ ਆਖ਼ਰ ਕੀ ਸੰਕੇਤ ਦਿੰਦੀ ਹੈ?ਗਰਗ ਨੇ ਸਪੱਸ਼ਟ ਕਿਹਾ ਕਿ ਪੰਜਾਬ ਨੂੰ ਧੋਖੇਬਾਜ਼ੀ ਜਾਂ ਕਿਸੇ ਵੀ ਤਰ੍ਹਾਂ ਦੀ 'ਡੀਲ' ਨਹੀਂ ਚਾਹੀਦੀ। ਪੰਜਾਬ ਦੀ ਜਨਤਾ ਨੂੰ ਪਾਰਦਰਸ਼ਤਾ ਚਾਹੀਦੀ ਹੈ। ਗਰਗ ਨੇ ਚਰਨਜੀਤ ਸਿੰਘ ਚੰਨੀ ਤੋਂ ਇਨ੍ਹਾਂ ਗੰਭੀਰ ਦੋਸ਼ਾਂ 'ਤੇ ਸਪੱਸ਼ਟੀਕਰਨ ਦੇਣ ਦੀ ਮੰਗ ਕੀਤੀ ਅਤੇ ਪ੍ਰਤਾਪ ਸਿੰਘ ਬਾਜਵਾ ਤੋਂ 'ਡੀਲ' ਨਾਲ ਸਬੰਧਤ



ਇਲਜ਼ਾਮਾਂ 'ਤੇ ਜਵਾਬ ਮੰਗਿਆ।





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


TAKE CONTROL OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing, Hormone Testing, Diabetes Monitoring, STD Testing, & More!
NO INSURANCE? NO PROBLEM!
WALK-INS WELCOME
ANYLABTEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336


JVS LOGISTICS
2345 Enterprise Park Place Indianapolis Indiana, 46218
• ਇਥੇ ਸੈਮੀ ਟਰੱਕ ਟ੍ਰੇਲਰ ਦੀ ਮੁਰੰਮਤ ਕੀਤੀ ਜਾਂਦੀ ਹੈ
• ਇਥੇ ਅਸੀਂ Brakes, Drums, Tires, Radiators, Seals, Shocks, Air Bag ਵਰਗੀਆਂ ਸੇਵਾਵਾਂ ਦਿੰਦੇ ਹਾਂ
• ਸੇਮੀ ਟਰੱਕ ਅਤੇ ਟ੍ਰੇਲਰ ਦੀ ਪਾਰਕਿੰਗ lease ਤੇ ਲੈ ਸਕਦੇ ਹੋ
• ਕਰਾਸ ਡੌਕ ਸੇਵਾਵਾਂ
• ਲੋਡ ਟ੍ਰਾਂਸਫਰ ਅਤੇ ਰੀਸਟਾਕ ਕਰੋ
• ਟਿਲਟੇਡ ਪੈਲੇਟਸ ਨੂੰ ਸਿਧੇ ਕੀਤੇ ਜਾਂਦੇ ਹਨ
• ਖਿਲਰੇ ਹੋਏ ਲੋਡ ਨੂੰ ਰੀਸਟਾਕ ਕਰਵਾਓ
• ਇੰਡੀਆਨਾ ਏਰੀਏ 'ਚ ਲੋਡ ਡਿਲੇਵਰ ਕਰਵਾਓ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
JUGDEV SAMRA (317) 379-4065
SUKHDEV SAMRA (317) 250-3545
jvslogisticsllc@outlook.com
ਸਾਡੀ ਇਹ ਲੋਕੇਸ਼ਨ Near - Indianapolis Downtown on I-70, Exit 85B, Keystone Avenue

# ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਸਰਬਜੀਤ ਸਿੰਘ ਝਿੰਜਰ ਨੇ ਘਨੌਰ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਕੀਤੀਆਂ ਚੋਣ ਮੀਟਿੰਗਾਂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅੱਜ ਸ਼੍ਰੋਮਣੀ ਅਕਾਲੀ ਦਲ ਹਲਕਾ ਘਨੌਰ ਇੰਚਾਰਜ ਸਰਬਜੀਤ ਸਿੰਘ ਝਿੰਜਰ ਅਤੇ ਚੋਣ ਇੰਚਾਰਜ ਜਥੇਦਾਰ ਜਸਮੇਰ ਸਿੰਘ ਲਾਛੜੂ ਜੀ ਨੇ ਆਗਾਮੀ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਸੰਬੰਧੀ ਵੱਖ-ਵੱਖ ਪਿੰਡਾਂ ਵਿੱਚ ਲੋਕ ਮਿਲਣੀਆਂ ਕੀਤੀਆਂ। ਇਸ ਦੌਰਾਨ ਉਹਨਾਂ ਨੇ ਢਕਾਨਸੂ, ਗੋਪਾਲਪੁਰ, ਨੇਪਰਾ, ਥੂਹਾ, ਮੋਹੀ ਕਲਾਂ, ਬਸਮਾ, ਤੇਪਲਾ, ਸ਼ੰਭੂ ਕਲਾਂ, ਅਲੀ ਮਾਜਰਾ, ਘੱਗਰ ਸਰਾਂ ਅਤੇ ਸ਼ੀਰਾ ਆਦਿ ਪਿੰਡਾਂ ਵਿੱਚ ਸਥਾਨਕ ਨਿਵਾਸੀਆਂ ਨਾਲ ਸੰਵਾਦ ਕੀਤਾ।ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਹਲਕਾ ਘਨੌਰ ਵਿੱਚ ਲੋਕ ਚੋਣ ਪ੍ਰਕਿਰਿਆ ਵਿੱਚ ਵੱਡੇ ਉਤਸ਼ਾਹ ਨਾਲ ਭਾਗ ਲੈ ਰਹੇ ਹਨ। ਜਥੇਦਾਰ ਜਸਮੇਰ ਸਿੰਘ ਲਾਛੜੂ ਨੇ ਕਿਹਾ ਕਿ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਇਹ ਗੱਲ ਸਾਫ਼ ਦਰਸਾਉਂਦਾ ਹੈ ਕਿ ਹਲਕਾ ਘਨੌਰ ਦੀ ਜਨਤਾ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਮੁੜ ਸੱਤਾ ਵਿੱਚ ਦੇਖਣਾ ਚਾਹੁੰਦੀ ਹੈ। ਹਲਕਾ ਵਾਸੀਆਂ ਵੱਲੋਂ ਮਿਲ ਰਹੇ ਪਿਆਰ ਅਤੇ ਸਮਰਥਨ ਨੇ ਪੂਰੀ ਟੀਮ ਵਿੱਚ ਨਵਾਂ ਜੋਸ਼ ਭਰਿਆ ਹੈ।ਹਲਕੇ ਦੇ ਨਿਵਾਸੀਆਂ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਪਿੰਡਾਂ ਦੇ ਵਿਕਾਸ, ਕਿਸਾਨਾਂ ਦੀ ਭਲਾਈ, ਧਾਰਮਿਕ ਸਥਾਨਾਂ ਦੀ ਸੰਭਾਲ ਅਤੇ ਨੌਜਵਾਨਾਂ ਲਈ ਰੁਜ਼ਗਾਰ ਮੌਕਿਆਂ ਨੂੰ ਆਪਣੀ ਪਹਿਲ ਦਿੱਤੀ ਹੈ। ਪਿੰਡ ਵਾਸੀਆਂ ਨੇ ਕਿਹਾ ਕਿ ਅਕਾਲੀ ਦਲ ਦੀ ਪਿਛਲੀ ਸਰਕਾਰ ਨੇ ਜੋ ਕੰਮ ਕਰਕੇ ਦਿਖਾਏ, ਉਹਨਾਂ ਦੀ ਬਰਾਬਰੀ ਅੱਜ ਤੱਕ ਕੋਈ ਹੋਰ ਪਾਰਟੀ ਨਹੀਂ ਕਰ ਸਕੀ। ਲੋਕਾਂ ਨੇ ਭਰੋਸਾ ਜਤਾਇਆ ਕਿ ਇਸ ਵਾਰ ਵੀ ਉਹ ਇਕਜੁੱਟ ਹੋ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ, ਤਾਂ ਜੋ ਹਲਕਾ ਘਨੌਰ ਵਿੱਚ ਵਿਕਾਸ ਦੇ ਨਵੇਂ ਦਰਵਾਜ਼ੇ ਖੁੱਲਣ ਅਤੇ ਹਰ ਵਰਗ ਨੂੰ ਨਿਆਂ ਮਿਲ ਸਕੇ।



ਹਲਕੇ ਦੇ ਕਈ ਪਿੰਡਾਂ ਵਿੱਚ ਲੋਕਾਂ ਨੇ ਖੁੱਲ੍ਹੇ ਤੌਰ 'ਤੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਧੱਕੇਸ਼ਾਹੀ, ਝੂਠੇ ਵਾਅਦਿਆਂ ਅਤੇ ਝੂਠੇ ਲਟੇਰੇ ਐਲਾਨਾਂ ਤੋਂ ਤੰਗ ਆ ਚੁੱਕੇ ਹਨ। ਪਿੰਡ ਵਾਸੀਆਂ ਨੇ ਦੱਸਿਆ ਕਿ ਜਿਹੜੇ ਬਦਲਾਅ ਅਤੇ ਸੁਵਿਧਾਵਾਂ ਦੇ ਸੁਪਨੇ ਦਿਖਾਏ ਗਏ ਸਨ, ਉਹ ਕਾਗਜ਼ਾਂ ਤੋਂ ਅੱਗੇ ਕਦੇ ਨਹੀਂ ਵਧੇ। ਲੋਕਾਂ ਨੇ ਕਿਹਾ ਕਿ ਜ਼ਿੰਦਗੀ ਦੇ ਹਰ ਖੇਤਰ ਖੇਤੀਬਾੜੀ, ਸਿੱਖਿਆ, ਸਿਹਤ, ਰੁਜ਼ਗਾਰ ਵਿੱਚ ਨਿਰਾਸ਼ਾ ਅਤੇ ਮਾਯੂਸੀ ਹੀ ਹੱਥ ਲੱਗੀ ਹੈ। ਇਸ ਕਾਰਨ ਹੀ ਹਲਕੇ ਦੀ ਜਨਤਾ ਹੁਣ ਫਿਰ ਇੱਕ ਸਥਿਰ, ਨਿਰਪੱਖ ਅਤੇ ਤਜਰਬੇਕਾਰ ਲੀਡਰਸ਼ਿਪ ਚਾਹੁੰਦੀ ਹੈ, ਜੋ ਸਿਰਫ਼ ਵਾਅਦੇ ਨਾ ਕਰੇ ਸਗੋਂ ਮੈਦਾਨ ਵਿੱਚ ਖੜ੍ਹ ਕੇ ਕੰਮ ਕਰੇ।

ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਨਾਕਾਮ ਨੀਤੀਆਂ ਅਤੇ ਤਾਨਾਸ਼ਾਹੀ ਰਵੱਈਏ ਤੋਂ ਪੰਜਾਬ ਦੀ ਜਨਤਾ ਬਹੁਤ ਤੰਗ ਆ ਚੁੱਕੀ ਹੈ। ਉਹਨਾਂ ਨੇ ਕਿਹਾ ਕਿ ਲੋਕਾਂ ਨੇ ਆਪਣੀ ਅੱਖੀਂ ਦੇਖ ਲਿਆ ਹੈ ਕਿ ਝੂਠੇ ਵਾਅਦੇ ਕਰਕੇ ਅਤੇ ਖੋਖਲੇ ਸੁਪਨੇ ਦਿਖਾ ਕੇ ਇਹ ਪਾਰਟੀ ਸਿਰਫ਼ ਲੋਕਾਂ ਨੂੰ ਭਰਮਾਉਣ ਦਾ ਕੰਮ ਕਰਦੀ ਰਹੀ। ਝਿੰਜਰ ਨੇ ਕਿਹਾ ਕਿ ਘਨੌਰ ਹਲਕੇ ਦੀ ਜਨਤਾ ਹੁਣ ਬਦਲਾਅ ਨਹੀਂ, ਸਗੋਂ ਇਮਾਨਦਾਰ, ਤਜਰਬੇਕਾਰ ਅਤੇ ਜ਼ਮੀਨੀ ਸਿਆਸਤ ਚਾਹੁੰਦੀ ਹੈ, ਜੋ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਦੇ ਸਕਦਾ ਹੈ। ਉਹਨਾਂ ਨੇ ਕਿਹਾ ਕਿ ਜਿਹੜਾ ਜਜ਼ਬਾ ਅਤੇ ਸਮਰਥਨ ਅੱਜ ਪਿੰਡਾਂ ਵਿੱਚ ਦਿੱਸ ਰਿਹਾ ਹੈ, ਉਹ ਇਸ ਗੱਲ ਦਾ ਸਪੱਸ਼ਟ ਇਸ਼ਾਰਾ ਹੈ ਕਿ ਲੋਕ ਅਕਾਲੀ ਦਲ ਨੂੰ ਮੁੜ ਸੱਤਾ ਵਿੱਚ ਲਿਆਉਣ ਲਈ ਪੂਰੀ ਤਰ੍ਹਾਂ ਤਿਆਰ ਹਨ।

ਸਰਬਜੀਤ ਝਿੰਜਰ ਪਾਰਟੀ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਜੀ ਹਮੇਸ਼ਾਂ ਪੰਜਾਬ ਦੀ ਜਨਤਾ ਅਤੇ ਖੇਤੀਬਾੜੀ, ਨੌਜਵਾਨਾਂ ਅਤੇ ਕਿਸਾਨਾਂ ਦੀ ਭਲਾਈ ਲਈ ਕੰਮ ਕਰਦੇ ਰਹੇ ਹਨ। ਝਿੰਜਰ ਨੇ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਜੀ ਦੀ ਲੀਡਰਸ਼ਿਪ ਅਤੇ ਦੂਰਦਰਸ਼ੀ ਸਿਆਸਤ ਨੇ ਸੱਤਾ ਵਿੱਚ ਰਹਿੰਦਿਆਂ ਪੰਜਾਬ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਸੀ। ਉਹਨਾਂ ਨੇ ਕਿਹਾ ਕਿ ਜਨਤਾ ਨੇ ਸੁਖਬੀਰ ਸਿੰਘ ਬਾਦਲ ਉੱਤੇ ਭਰੋਸਾ ਜਤਾਇਆ ਹੈ, ਅਤੇ ਇਸ ਵਾਰ ਉਹ ਘਨੌਰ ਹਲਕੇ ਵਿੱਚ ਇਕਜੁੱਟ ਹੋ ਕੇ ਅਕਾਲੀ ਦਲ ਨੂੰ ਭਰਪੂਰ ਸਮਰਥਨ ਦੇਵੇਗੀ। ਝਿੰਜਰ ਨੇ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਜੀ ਦੀ ਲੀਡਰਸ਼ਿਪ ਹਮੇਸ਼ਾ ਲੋਕਾਂ ਨੂੰ ਸੱਚੇ ਨਤੀਜੇ ਦੇਣ ਵਾਲੀ ਰਹੀ ਹੈ ਅਤੇ ਇਸ ਲਈ ਜਨਤਾ ਵਧੇਰੇ ਜੋਸ਼ ਅਤੇ ਭਰੋਸੇ ਨਾਲ ਅਕਾਲੀ ਦਲ ਦੇ ਪੱਖ ਵਿੱਚ ਆ ਰਹੀ ਹੈ।

ਸਰਬਜੀਤ ਸਿੰਘ ਝਿੰਜਰ ਨੇ ਕਿਹਾ ਕਿ ਜਨਤਾ ਨੂੰ ਝੂਠੇ ਲਾਰੇ ਲਗਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਨੇ ਪਿਛਲੇ ਸਮੇਂ ਵਿੱਚ ਹਲਕਾ ਘਨੌਰ ਵਿੱਚ ਆਏ ਹੜ੍ਹਾਂ ਕਾਰਨ ਹੋਏ ਫਸਲਾਂ, ਘਰਾਂ ਅਤੇ ਪਸ਼ੂਆਂ ਦੇ ਨੁਕਸਾਨ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ। ਨਾ ਹੀ ਪਾਰਟੀ ਦੇ ਕਿਸੇ ਨੁਮਾਇੰਦੇ ਨੇ ਹੜ੍ਹ ਪੀੜਤਾਂ ਦੀ ਹਾਲਤ ਜਾਣਨ ਦੀ ਕੋਸ਼ਿਸ਼ ਕੀਤੀ। ਮੁਆਵਜ਼ਾ ਦੇਣ ਦਾ ਐਲਾਨ ਕਰਨ ਵਾਲੇ ਮੁੱਖ ਮੰਤਰੀ ਨੇ ਅਜੇ ਤੱਕ ਹੜ੍ਹ ਪੀੜਤਾਂ ਦੀ ਮਦਦ ਲਈ ਕੋਈ ਪ੍ਰਮਾਣਿਕ ਕਦਮ ਨਹੀਂ ਚੁੱਕਿਆ। ਭਗਵੰਤ ਮਾਨ ਸਾਬ੍ਹ ਸਿਰਫ਼ ਆਪਣੇ ਆਪ ਨੂੰ ਮਹਾਨ ਦਿਖਾਉਣ ਵਾਲੀਆਂ ਹਵਾਈ ਘੋਸ਼ਣਾਵਾਂ ਕਰਦੇ ਹਨ, ਪਰ ਜਦੋਂ ਜ਼ਮੀਨ 'ਤੇ ਕਾਰਵਾਈ ਕਰਨ ਦੀ ਗੱਲ ਆਉਂਦੀ ਹੈ, ਤਾਂ ਉਹ ਪਿੱਠ ਦਿਖਾ ਕੇ ਭੱਜਦੇ ਹਨ।ਸਰਬਜੀਤ ਸਿੰਘ ਝਿੰਜਰ ਨੇ ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ ਗੁਰਲਾਲ ਘਨੌਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਉਸ ਨੇ ਪਹਿਲਾਂ ਸ਼ੰਭੂ ਬਾਰਡਰ ਤੋਂ ਕਿਸਾਨਾਂ ਦੀਆਂ ਟਰੈਕਟਰ-ਟਰਾਲੀਆਂ ਚੋਰੀ ਕਰਵਾਈਆਂ ਅਤੇ ਹੁਣ ਉਮੀਦਵਾਰਾਂ ਦੇ ਨਾਮਜ਼ਦਗੀ ਫਾਰਮ ਚੋਰੀ ਕਰ ਕੇ ਬੇਸ਼ਰਮੀ ਅਤੇ ਧੱਕੇਸ਼ਾਹੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ।

ਇਸ ਤਰ੍ਹਾਂ ਦੇ ਕਦਮਾਂ ਨਾਲ ਆਮ ਆਦਮੀ ਪਾਰਟੀ ਨੇ ਲੋਕਾਂ ਵਿੱਚ ਆਪਣਾ ਵਿਸ਼ਵਾਸ ਖੋ ਦਿੱਤਾ ਹੈ। ਲੋਕ ਇਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਭਲੀ-ਭਾਂਤ ਜਾਣੂ ਹੋ ਚੁੱਕੇ ਹਨ। ਝਿੰਜਰ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਦਮ ਸਿਰਫ਼ ਨੈਤਿਕ ਪੱਖੋਂ ਹੀ ਨਹੀਂ, ਸਗੋਂ ਇਹ ਹਲਕਾ ਘਨੌਰ ਦੀ ਜਨਤਾ ਦੇ ਭਰੋਸੇ ਅਤੇ ਚੋਣ ਪ੍ਰਕਿਰਿਆ ਦੇ ਸਿਧਾਂਤਾਂ ਦੀ ਵੀ ਉਲੰਘਣਾ ਹਨ। ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ ਬੀਬੀ ਮਨਜੀਤ ਕੌਰ (ਲੋਹਸਿੰਬਲੀ) ਪਤਨੀ ਗੁਰਜੰਟ ਸਿੰਘ ਮਹਿਦੂਦਾ ਤੇ ਬਲਾਕ ਸੰਮਤੀ ਦੇ ਵੱਖ-ਵੱਖ ਉਮੀਦਵਾਰ, ਪਾਰਟੀ ਵਰਕਰ ਤੇ ਲੀਡਰ ਸਾਹਿਬਾਨ ਹਾਜ਼ਰ ਸਨ।

# ਮੁੱਖ ਮੰਤਰੀ ਦੀ ਕੁਰਸੀ ਦੀ ਸੌਦੇਬਾਜ਼ੀ 'ਤੇ ਚੁੱਪ ਕਿਉਂ ਹਨ ਬਾਜਵਾ-ਰੰਧਾਵਾ ਕੀ ਕਾਂਗਰਸ ਨੇ ਮੰਨ ਲਿਆ ਕਿ ਇਲਜ਼ਾਮ ਸਹੀ ਹਨ?- ਕੁਲਦੀਪ ਧਾਲੀਵਾਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਾਂਗਰਸ ਆਗੂਆਂ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ 'ਤੇ ਨਵਜੋਤ ਕੌਰ ਸਿੱਧੂ ਵੱਲੋਂ ਲਾਏ ਗਏ 500 ਕਰੋੜ ਰੁਪਏ ਦੇ ਗੰਭੀਰ ਇਲਜ਼ਾਮਾਂ 'ਤੇ ਉਨ੍ਹਾਂ ਦੀ ਚੁੱਪੀ ਨੂੰ ਲੈ ਕੇ ਤਿੱਖਾ ਹਮਲਾ ਕੀਤਾ ਹੈ।

ਧਾਲੀਵਾਲ ਨੇ ਸਵਾਲ ਕੀਤਾ ਕਿ ਜਿਹੜੇ ਆਗੂ ਹਰ ਮੁੱਦੇ 'ਤੇ ਬੋਲਦੇ ਸਨ, ਉਹ ਹੁਣ ਇੰਨੇ ਵੱਡੇ ਭ੍ਰਿਸ਼ਟਾਚਾਰ ਦੇ ਇਲਜ਼ਾਮ 'ਤੇ ਪੂਰੀ ਤਰ੍ਹਾਂ ਖ਼ਾਮੋਸ਼ ਕਿਉਂ ਹਨ? ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਬਾਜਵਾ ਪਹਿਲਾਂ ਬਹੁਤ ਬੋਲਦੇ ਸਨ, ਪਰ ਨਵਜੋਤ ਕੌਰ ਸਿੱਧੂ ਦੇ ਬਿਆਨ ਤੋਂ ਬਾਅਦ ਉਹ ਪੂਰੀ ਤਰ੍ਹਾਂ ਚੁੱਪ ਹਨ। ਕਾਂਗਰਸੀ ਨੇਤਾਵਾਂ ਦੀ ਇਹ ਚੁੱਪੀ ਸਾਫ਼ ਦੱਸਦੀ ਹੈ ਕਿ ਜਿਹੜੇ ਇਲਜ਼ਾਮ ਮੈਡਮ ਸਿੱਧੂ ਅਤੇ ਬਾਅਦ ਵਿੱਚ ਸੁਨੀਲ ਜਾਖੜ ਵੱਲੋਂ ਲਾਏ ਗਏ, ਉਹ ਸਹੀ ਹਨ।ਧਾਲੀਵਾਲ ਨੇ ਮੰਗ ਕੀਤੀ ਕਿ ਬਾਜਵਾ ਪੰਜਾਬ ਦੀ ਜਨਤਾ ਸਾਹਮਣੇ ਇਨ੍ਹਾਂ ਗੰਭੀਰ ਇਲਜ਼ਾਮਾਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਨ। ਉਨ੍ਹਾਂ ਦੀ ਚੁੱਪੀ ਨੂੰ ਜਨਤਾ ਹੁਣ ਜੁਰਮ ਦੀ ਸਵੀਕ੍ਰਿਤੀ ਮੰਨ ਰਹੀ ਹੈ।



ਧਾਲੀਵਾਲ ਨੇ ਕਿਹਾ ਕਿ ਪ੍ਰਤਾਪ ਬਾਜਵਾ 'ਤੇ ਤਾਂ ਤਰਨਤਾਰਨ ਦੀ ਸੀਟ ਵੇਚਣ ਦੇ ਵੀ ਇਲਜ਼ਾਮ ਲੱਗੇ ਹਨ। ਹੋ ਸਕਦਾ ਹੈ ਇਸੇ ਲਈ ਉਹ ਇਨ੍ਹਾਂ ਗੰਭੀਰ ਇਲਜ਼ਾਮਾਂ 'ਤੇ ਜਵਾਬ ਨਹੀਂ ਦੇ ਰਹੇ। ਜਨਤਾ ਜਾਨਣਾ ਚਾਹੁੰਦੀ ਹੈ ਕਿ ਕੀ ਕਾਂਗਰਸ ਵਿੱਚ ਸਭ ਕੁਝ ਵਿਕ ਰਿਹਾ ਹੈ? ਕੀ 500 ਕਰੋੜ ਦਾ ਲੈਣ-ਦੇਣ ਹੋਇਆ ਜਾਂ ਨਹੀਂ? ਬਾਜਵਾ ਜੀ ਨੂੰ ਜਵਾਬ ਦੇਣਾ ਹੀ ਹੋਵੇਗਾ।ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਦੇ ਆਗੂ ਇਨ੍ਹਾਂ ਇਲਜ਼ਾਮਾਂ 'ਤੇ ਜਵਾਬ ਨਹੀਂ ਦਿੰਦੇ, ਤਾਂ ਕੀ ਇਹ ਮੰਨ ਲਿਆ ਜਾਵੇ ਕਿ ਕਾਂਗਰਸ ਹਾਈਕਮਾਨ ਨੇ ਪੰਜਾਬ ਵਿੱਚ 500 ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਨੂੰ ਸਵੀਕਾਰ ਕਰ ਲਿਆ ਹੈ।

# ਟਰੰਪ ਵੱਲੋਂ ਕਿਸਾਨਾਂ ਲਈ 12 ਬਿਲੀਅਨ ਡਾਲਰ ਦੀ ਸਹਾਇਤਾ ਪੈਕੇਜ ਦੇਣ ਦਾ ਐਲਾਨ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਥੋਂ ਦੇ ਉਨ੍ਹਾਂ ਕਿਸਾਨਾਂ ਲਈ 12 ਬਿਲੀਅਨ ਡਾਲਰ ਦੀ ਸਹਾਇਤਾ ਪੈਕੇਜ ਦੇਣ ਦਾ ਐਲਾਨ ਕੀਤਾ ਹੈ, ਜੋ ਕਿ ਅਮਰੀਕਾ ਦੇ ਵਪਾਰ ਯੁੱਧ ਤੋਂ ਪ੍ਰਭਾਵਿਤ ਹੋਏ ਹਨ। ਡੋਨਾਲਡ ਟਰੰਪ ਦਾ ਵਪਾਰ ਯੁੱਧ ਤੋਂ ਭਾਵ ਹੈ ਕਿ ਜਿਹੜੀਆਂ ਦੂਜੇ ਦੇਸ਼ਾਂ ‘ਤੇ ਪਾਬੰਦੀਆਂ ਲਾਈਆਂ ਗਈਆਂ ਹਨ, ਉਸ ਨਾਲ ਅਮਰੀਕਾ ਦੇ ਕਿਸਾਨ ਵੀ ਪ੍ਰਭਾਵਿਤ ਹੋਏ ਹਨ ਅਤੇ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ ਹੈ।ਟਰੰਪ ਨੇ ਵ੍ਹਾਈਟ ਹਾਊਸ ਵਿਖੇ ਫਾਇਨਾਂਸ ਸੈਕਟਰੀ ਸਕਾਟ ਬੇਸੈਂਟ ਅਤੇ ਐਗਰੀਕਲਚਰ ਸੈਕਟਰੀ ਬਰੂਕ ਰੋਲੇਨਸ ਅਤੇ ਕਾਂਗਰਸ ਦੇ ਮੈਂਬਰਾਂ ਦੀ ਹਾਜ਼ਰੀ ਵਿਚ ਇਹ ਐਲਾਨ ਕੀਤਾ ਕਿ ਮੱਕੀ, ਕਪਾਹ, ਜਵਾਰ, ਸੋਇਆਬੀਨ, ਚੌਲ, ਕਣਕ, ਆਲੂ ਅਤੇ ਪਸ਼ੂਆਂ ਦੇ ਉਤਪਾਦਕ ਕਿਸਾਨਾਂ ਨੂੰ ਇਹ ਰਾਹਤ ਦਿੱਤੀ ਜਾਵੇਗੀ। ਇਸ ਨਾਲ ਅਮਰੀਕਾ ਵਿਚ ਪੈਦਾ ਹੋਈ ਰਾਸ਼ਨ ਦੀਆਂ ਕੀਮਤਾਂ ਨੂੰ ਘਟਾਉਣ ਵਿਚ ਮਦਦ ਮਿਲੇਗੀ। ਐਗਰੀਕਲਚਰ ਸੈਕਟਰੀ ਰੋਲੇਨਸ ਨੇ ਬਿਆਨ ਦਿੱਤਾ ਹੈ ਕਿ 11 ਬਿਲੀਅਨ ਡਾਲਰ ਦੀ ਸਹਾਇਤਾ ਫਸਲਾਂ ਵਾਲੇ ਕਿਸਾਨਾਂ ਨੂੰ ਦਿੱਤੀ ਜਾਵੇਗੀ ਅਤੇ ਇਹ 28 ਫਰਵਰੀ ਤੱਕ ਵੰਡ ਦਿੱਤੀ ਜਾਵੇਗੀ। 1 ਬਿਲੀਅਨ ਡਾਲਰ ਦੀ ਸਹਾਇਤਾ ਬਾਅਦ ਵਿਚ ਦਿੱਤੀ ਜਾਵੇਗੀ। ਰੋਲੇਨਸ ਨੇ ਕਿਹਾ ਕਿ ਪ੍ਰਸ਼ਾਸਨ ਫਲਾਂ, ਸਬਜ਼ੀਆਂ ਅਤੇ ਹੋਰ ਫਸਲਾਂ ਲਈ 1 ਬਿਲੀਅਨ ਡਾਲਰ ਨੂੰ ਅੰਤਿਮ ਰੂਪ ਦੇਣ ਲਈ ਰੋਕ ਰਿਹਾ ਹੈ। ਭੁਗਤਾਨ ਦੀ ਗਣਨਾ, ਕਿਸਾਨਾਂ ਨੇ ਕਿੰਨੇ ਏਕੜ ਬੀਜੇ ਹਨ, ਉਨ੍ਹਾਂ ਦਾ ਉਤਪਾਦਨ, ਲਾਗਤ ਅਤੇ ਹੋਰ ਕੰਮਾਂ ਦੇ ਆਧਾਰ ‘ਤੇ ਕੀਤੀ ਜਾਵੇਗੀ।ਚੋਟੀ ਦੇ ਡੈਮੋਕ੍ਰੇਟ ਆਗੂ ਐਮੀ ਕਲੋਬੂਚਰ ਨੇ ਕਿਹਾ ਕਿ ਟਰੰਪ ਦੀਆਂ ਵਪਾਰਕ ਨੀਤੀਆਂ ਨੇ ਕਿਸਾਨਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਇਸ ਦੇ ਲਈ ਟਰੰਪ ਨੂੰ ਟੈਰਿਫ ਟੈਕਸਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ।




Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ
## AMERICA ਵਿੱਚ
## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਆਮ ਆਦਮੀ ਪਾਰਟੀ ਦੀ ਸਰਕਾਰ ਕਰ ਰਹੀ ਪੰਜਾਬ ਦਾ ਚਹੁੰਪੱਖੀ ਵਿਕਾਸ- ਬਰਸਟ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜਿਲ੍ਹਾ ਪਰਿਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਜਿਤਾਇਆ ਜਾਵੇ, ਤਾਂ ਜੋ ਸਰਕਾਰ ਨੂੰ ਹੋਰ ਜਿਆਦਾ ਹੱਲਾ-ਸ਼ੈਰੀ ਮਿਲੇ, ਜਿਸ ਨਾਲ ਸਰਕਾਰ ਵੱਲੋਂ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਭਲਾਈ ਲਈ ਹੋਰ ਜੋਰਾਂ-ਸ਼ੋਰਾਂ ਨਾਲ ਕੰਮ ਕੀਤਾ ਜਾਵੇਗਾ। ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਅਤੇ ਵਿਕਾਸ ਲਈ ਜੋ ਇਤਿਹਾਸਕ ਫੈਸਲੇ ਲਏ ਗਏ ਹਨ, ਉਨ੍ਹਾਂ ਤੋਂ ਲੋਕ ਬਹੁਤ ਖੁਸ਼ ਹਨ।

ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹਮੇਸ਼ਾਂ ਤੋਂ ਹੀ ਲੋਕਾਂ ਦੀ ਬਿਹਤਰੀ ਅਤੇ ਤਰੱਕੀ ਵਾਸਤੇ ਕੰਮ ਕਰਦੀ ਆਈ ਹੈ। ਜਿਨ੍ਹਾਂ ਕਰਕੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਬਹੁਤ ਪਸੰਦ ਕਰ ਰਹੇ ਹਨ। ਸਰਕਾਰ ਵੱਲੋਂ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਦੇ ਵਿਕਾਸ ਲਈ ਵੀ ਵਿਸ਼ੇਸ਼ ਪੱਧਰ ਤੇ ਕਾਰਜ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਅਤੇ ਸਿੱਖਿਆ ਪ੍ਰਦਾਨ ਕਰਨ ਲਈ ਵਿਸ਼ੇਸ਼ ਕਾਰਜ ਕੀਤੇ ਜਾ ਰਹੇ ਹਨ। ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੋਤਸਾਹਿਤ ਕਰਨ ਲਈ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਪਿੰਡਾਂ



ਵਿੱਚ ਖੇਡ ਮੈਦਾਨ ਵੀ ਬਣਾਏ ਜਾ ਰਹੇ ਹਨ। ਇਸਦੇ ਨਾਲ ਹੀ 16209 ਕਰੋੜ ਰੁਪਏ ਦੀ ਲਾਗਤ ਨਾਲ 44920 ਕਿਲੋਮੀਟਰ ਸੜਕਾਂ ਦੇ ਨਿਰਮਾਣ ਪ੍ਰੋਜੈਕਟ ਤੇ ਕਾਰਜ ਸ਼ੁਰੂ ਕੀਤਾ ਹੈ, ਜਿਸ ਵਿੱਚੋਂ 19373 ਕਿਲੋਮੀਟਰ ਪੇਂਡੂ ਲਿੰਕ ਸੜਕਾਂ ਦਾ ਨਿਰਮਾਣ ਸ਼ੁਰੂ ਹੋ ਚੁੱਕਾ ਹੈ। ਇਹ ਇਤਿਹਾਸਕ ਪ੍ਰੋਜੈਕਟ ਸੂਬੇ ਦੀ ਆਰਥਿਕ ਤਸਵੀਰ ਬਦਲ ਦੇਵੇਗਾ।

ਸੂਬੇ ਦੀਆਂ ਸੜਕਾਂ ਦੇ ਨਿਰਮਾਣ ਨਾਲ ਲੋਕਾਂ ਦੀ ਰੋਜਾਨਾ ਦੀ ਯਾਤਰਾ ਹੋਰ ਤੇਜ਼, ਸੁਰੱਖਿਅਤ ਅਤੇ ਆਸਾਨ ਹੋ ਜਾਵੇਗੀ ਅਤੇ ਕਿਸਾਨਾਂ ਲਈ ਆਪਣੀ ਉਪਜ ਨੂੰ ਮੰਡੀਆਂ ਤੱਕ ਪਹੁੰਚਾਉਣ ਲਈ ਸਮਾਂ ਅਤੇ ਲਾਗਤ ਘੱਟ ਲਗੇਗੀ। ਪੰਜਾਬ ਦੀ ਕਿਸਾਨੀ ਨੂੰ ਬਚਾਉਣ ਲਈ ਦਿਨ ਵੇਲੇ ਬਿਜਲੀ ਸਪਲਾਈ, ਨਹਿਰੀ ਪਾਣੀ ਦੀ ਸਿੰਚਾਈ, ਜੋ ਕਿ ਪਿਛਲੇ 30 ਸਾਲਾਂ ਵਿੱਚ ਘੱਟ ਕੇ 21% ਤੱਕ ਆ ਗਈ ਸੀ। ਅੱਜ 80% ਤੱਕ ਨਹਿਰਾਂ ਦਾ ਪਾਣੀ ਖੇਤਾਂ ਤੱਕ ਪਹੁੰਚਾਉਣ ਦੇ ਕੰਮ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ। ਨੌਜਵਾਨਾਂ ਨੂੰ ਬਿਨਾਂ ਕਿਸੇ ਰਿਸ਼ਵਤ ਜਾਂ ਸਿਫਾਰਿਸ਼ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਦੇ ਲੋਕਾਂ ਲਈ ਸਿਹਤ ਬੀਮਾ ਯੋਜਨਾ 10 ਲੱਖ ਪ੍ਰਤੀ ਪਰਿਵਾਰ ਕੀਤੀ ਗਈ ਹੈ। ਬਰਸਟ ਨੇ ਕਿਹਾ ਕਿ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਦੇ ਉਦੇਸ਼ ਨਾਲ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਗਏ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 600 ਯੂਨਿਟ ਮੁਫ਼ਤ ਬਿਜਲੀ ਦਾ ਲਾਭ 90% ਲੋਕਾਂ ਨੂੰ ਹੋ ਰਿਹਾ ਹੈ। ਮਹਿਲਾਵਾਂ ਨੂੰ ਮੁਫ਼ਤ ਬਸ ਸਫ਼ਰ ਦੀ ਸਹੂਲਤ ਦਿੱਤੀ ਜਾ ਰਹੀ ਹੈ। ਸਕੂਲਾਂ ਦੇ ਹਾਲਾਤ ਸੁਧਾਰੇ ਜਾ ਰਹੇ ਹਨ। ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਉਦੇਸ਼ ਸਿਰਫ਼ ਤੇ ਸਿਰਫ਼ ਵਿਕਾਸ ਹੈ ਅਤੇ ਇਸਦੇ ਤਹਿਤ ਹੀ ਸੂਬੇ ਵਿੱਚ ਜੰਗੀ ਪੱਧਰ ਤੇ ਵਿਕਾਸ ਕਾਰਜਾਂ ਨੂੰ ਅਮਲੀ-ਜਾਮ੍ਹਾਂ ਪਹਿਣਾਇਆ ਜਾ ਰਿਹਾ ਹੈ। ਬਰਸਟ ਨੇ ਵਲੰਟੀਅਰਾਂ ਨੂੰ ਕਿਹਾ ਕਿ ਉਹ ਜ਼ਮੀਨੀ ਪੱਧਰ 'ਤੇ ਲੋਕਾਂ ਨਾਲ ਸੰਪਰਕ ਕਰਕੇ ਪਾਰਟੀ ਦੇ ਲੋਕ ਭਲਾਈ ਕਾਰਜਾਂ ਅਤੇ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਉਣ।

# ਜਿਲ੍ਹਾ ਪ੍ਰੀਸ਼ਦ ਚੋਣਾਂ: ਪੜ੍ਹਾਕੂਆਂ ਨੂੰ ਧੋਬੀ ਪਟਕਾ ਮਾਰਨ ਲਈ ਸਿਆਸੀ ਅਖਾੜੇ 'ਚ ਨਿੱਤਰੇ ਅੰਗੂਠਾ ਛਾਪ

ਬਠਿੰਡਾ
ਅਸ਼ੋਕ ਵਰਮਾ

ਪੰਜਾਬ 'ਚ 14 ਦਸੰਬਰ ਨੂੰ ਕਰਵਾਈਆਂ ਜਾ ਰਹੀਆਂ ਜਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਅਨਪੜ੍ਹ ਅਤੇ ਅਧ ਪੜ੍ਹੇ ਉਮੀਦਵਾਰਾਂ ਦੀ ਚੌਧਰ ਹੈ ਜਦੋਂਕਿ ਪੜ੍ਹੇ ਲਿਖੇ ਉਮੀਦਵਾਰ ਟਾਵੇਂ ਅੱਲੇ ਹੀ ਹਨ। ਪੰਚਾਇਤੀ ਅਦਾਰਿਆਂ ਦੀਆਂ ਚੋਣਾਂ ਲਈ ਸਿਆਸੀ ਧਿਰਾਂ ਨੇ ਪੜ੍ਹੇ ਲਿਖਿਆਂ ਨਾਲੋਂ ਅੰਗੂਠਾ ਛਾਪ ਉਮੀਦਵਾਰਾਂ ਨੂੰ ਤਰਜੀਹ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ 4 ਉਮੀਦਵਾਰ ਅੱਖਰ ਗਿਆਨ ਤੋਂ ਕੋਰੇ ਹਨ ਜਦੋਂਕਿ ਭਾਜਪਾ ਦੇ 4, ਕਾਂਗਰਸ ਦੇ ਦੋ ਆਪ ਦਾ ਇੱਕ ਅਤੇ ਦੋ ਅਜ਼ਾਦ ਉਮੀਦਵਾਰ ਅਨਪੜ੍ਹ ਹਨ।

ਜਿਲ੍ਹਾ ਪ੍ਰੀਸ਼ਦ ਦੇ ਬਲਾਹੜ ਵਿੰਝੂ ਜੋਨ ਤੋਂ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਉਮੀਦਵਾਰ ਅਮਰਜੀਤ ਕੌਰ ਐਮਏ ਐਮਐਡ ਹੈ ਜਿਸ ਦੇ ਮੁਕਾਬਲੇ 'ਚ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬਲਜੀਤ ਕੌਰ ਅਨਪੜ੍ਹ ਹੈ। ਇਸੇ ਤਰਾਂ ਹੀ ਫੂਸ ਮੰਡੀ ਜੋਨ ਤੋਂ ਆਮ ਆਦਮੀ ਪਾਰਟੀ ਦੀ ਐਮਐਸਸੀ ਆਈਟੀ ਸਿਮਰਜੀਤ ਕੌਰ ਦੀ ਟੱਕਰ ਸ਼੍ਰੋਮਣੀ ਅਕਾਲੀ ਦਲ ਦੀ ਅਨਪੜ੍ਹ ਉਮੀਦਵਾਰ ਗੁਰਵਿੰਦਰ ਕੌਰ ਨਾਲ ਹੈ।

ਹੁਣ ਇੰਨ੍ਹਾਂ ਚੋਂ ਕੌਣ ਬਾਜੀ ਮਾਰਦਾ ਹੈ ਇਹ ਤਾਂ 17 ਦਸੰਬਰ ਨੂੰ ਗਿਣਤੀ ਤੋਂ ਬਾਅਦ ਹੀ ਪਤਾ ਲੱਗੇਗਾ ਪਰ ਵਿਦਿਅਕ ਯੋਗਤਾ ਵਿਚਲੇ ਪਾੜੇ ਕਾਰਨ ਅਸਲ ਪ੍ਰੀਖਿਆ ਵੋਟਰਾਂ ਦੀ ਹੈ ਜੋ ਕਮਾਂਡ ਕਿਸੇ ਚੰਗੇ ਪੜ੍ਹੇ ਲਿਖੇ ਨੂੰ ਜਾਂ ਫਿਰ ਅੱਖਰ ਗਿਆਨ ਤੋਂ ਕੋਰੇ ਦੇ ਹੱਥ ਦਿੰਦੇ ਹਨ। ਜਿਲ੍ਹਾ ਪ੍ਰੀਸ਼ਦ ਦੀ ਚੋਣ ਲੜ ਰਹੇ ਉਮੀਦਵਾਰਾਂ 'ਚ ਵੱਲੋਂ ਚੋਣ ਪ੍ਰਸ਼ਾਸ਼ਨ ਨੂੰ ਦਿੱਤੀ ਜਾਣਕਾਰੀ ਅਨੁਸਾਰ ਵਿੱਦਿਅਕ ਯੋਗਤਾ ਸਬੰਧੀ ਮਿਲਿਆ ਜੁਲਿਆ ਰੁਝਾਨ ਸਾਹਮਣੇ ਆਇਆ ਹੈ। ਬਠਿੰਡਾ ਜਿਲ੍ਹੇ 'ਚ 63 ਉਮੀਦਵਾਰ ਆਪੋ ਆਪਣੇ ਹਲਕਿਆਂ ਤੋਂ ਚੋਣ ਲੜ ਰਹੇ ਹਨ। ਇੰਨ੍ਹਾਂ ਚੋਂ ਸਿਰਫ ਨੌਂ ਉਮੀਦਵਾਰਾਂ ਦੀ ਵਿੱਦਿਅਕ ਯੋਗਤਾ ਗ੍ਰੈਜੂਏਟ ਹੈ ਜਾਂ ਇਸ ਤੋਂ ਵੱਧ ਹੈ ਜਦੋਂਕਿ 13 ਉਮੀਦਵਾਰ ਅਨਪੜ੍ਹ ਹਨ। ਇਸ ਤੋਂ ਇਲਾਵਾ 17 ਉਮੀਦਵਾਰ ਅਜਿਹੇ ਹਨ ਜਿੰਨ੍ਹਾਂ ਨੇ ਦਸਵੀ ਤੱਕ ਦੀ ਸਿੱਖਿਆ ਹਾਸਲ ਕੀਤੀ ਹੋਈ ਹੈ। ਦਿਲਚਸਪ ਗੱਲ ਇਹ ਹੈ ਕਿ 4 ਉਮੀਦਵਾਰਾਂ ਨੇ ਫਾਰਮਾਂ ਵਿੱਚ ਵਿੱਦਿਅਕ ਯੋਗਤਾ ਲਿਖੀ ਨਹੀਂ ਹੈ।

ਇਸੇ ਤਰਾਂ ਭੁੱਚੋ ਕਲਾਂ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਭਾਈ ਗੁਰਜਿੰਦਰ ਸਿੰਘ ਸਿੱਧੂ ਐਮਬੀਏ ਅਤੇ ਬਾਂਡੀ ਜੋਨ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਭੁਪਿੰਦਰ ਕੌਰ ਪੰਜਾਬੀ ਅਤੇ ਹਿਸਟਰੀ 'ਚ ਡਬਲ ਐਮਏ ਹੈ। ਬੰਗੀ ਰੁਲਦੂ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜਸਪਾਲ ਕੌਰ ਐਮਏ ਬੀਐਡ ਹੈ ਜਦੋਂਕਿ ਮਾਈਸਰਖਾਨਾ ਜੋਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਰਭਜਨ ਸਿੰਘ ਬੀਏ ਹਨ। ਬੁਰਜ ਗਿੱਲ ਜੋਨ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਪਰਮਪਾਲ ਕੌਰ ਨੇ ਐਮਐਸਸੀ ਆਈਟੀ ਕੀਤੀ ਹੋਈ ਹੈ। ਬਹਿਮਣ ਦਿਵਾਨਾ ਜੋਨ ਤੋਂ ਕਾਂਗਰਸੀ ਉਮੀਦਵਾਰ ਰਾਜਵੀਰ ਕੌਰ ਨੇ ਬੀਏ ਅਤੇ ਜੈ ਸਿੰਘ ਵਾਲਾ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਇਕਬਾਲ ਸਿੰਘ ਚਹਿਲ ਬੀਏ ਐਲਐਲਬੀ ਹਨ। ਪੁਣਛਾਣ ਅਨੁਸਾਰ ਆਮ ਆਦਮੀ ਪਾਰਟੀ ਦੇ 5 ,ਸ਼੍ਰੋਮਣੀ ਅਕਾਲੀ ਦਲ ਦੇ 3 ਅਤੇ ਕਾਂਗਰਸ ਪਾਰਟੀ ਦਾ 1 ਉਮੀਦਵਾਰ ਹੈ ਜਦੋਂਕਿ ਭਾਰਤੀ ਜੰਤਾ ਪਾਰਟੀ ਨੂੰ ਕੋਈ ਉੱਚ ਯੋਗਤਾ ਵਾਲਾ ਉਮੀਦਵਾਰ ਨਹੀਂ ਮਿਲਿਆ ਹੈ।

ਪੱਕਾ ਕਲਾਂ ਜੋਨ ਤੋਂ ਕਾਂਗਰਸ ਦੇ ਦਰਸ਼ਨ ਸਿੰਘ , ਬੰਗੀ ਰੁਲਦੂ ਜੋਨ ਤੋਂ ਅਜਾਦ ਉਮੀਦਵਾਰ ਪੱਪੀ ਕੌਰ , ਮੰਡੀ ਕਲਾਂ ਜੋਨ ਤੋਂ ਕਾਂਗਰਸ ਦੀ ਉਮੀਦਵਾਰ ਹਰਦੀਪ ਕੌਰ, ਕਰਾੜ ਵਾਲਾ ਜੋਨ ਤੋਂ ਭਾਜਪਾ ਦੀ ਸ਼ਿੰਦਰਪਾਲ ਕੌਰ ਅਤੇ ਅਕਾਲੀ ਉਮੀਦਵਾਰ ਸੁਖਪਾਲ ਕੌਰ ਵੀ ਅਨਪੜ੍ਹ ਹੈ। ਵਿਸ਼ੇਸ਼ ਤੱਥ ਇਹ ਵੀ ਹੈ ਕਿ ਕਈ ਉਮੀਦਵਾਰ ਅਨਪੜ੍ਹ ਦੱਸੇ ਜਾ ਰਹੇ ਹਨ ਜਦੋਂਕਿ ਕਈ ਉਮੀਦਵਾਰ ਸਿਰਫ ਦਸਤਖਤ ਕਰਨਾ ਜਾਣਦੇ ਹਨ। ਬਠਿੰਡਾ ਜਿਲ੍ਹੇ 'ਚ ਜਿਲ੍ਹਾ ਪ੍ਰੀਸ਼ਦ ਬਠਿੰਡਾ ਦੇ 17 ਚੋਣ ਹਲਕੇ ਹਨ।



ਜ਼ਿਲ੍ਹਾ ਪ੍ਰੀਸ਼ਦ ਦੇ ਫੂਸ ਮੰਡੀ ਤੋਂ 2, ਬਲਾਹੜ ਵਿੰਝੂ, ਬੁਰਜ ਗਿੱਲ, ਬਹਿਮਣ ਦੀਵਾਨਾ, ਮੰਡੀ ਕਲਾਂ ਤੋਂ 3-3, ਕਿਲੀ ਨਿਹਾਲ ਸਿੰਘ, ਭੁੱਚੋਂ ਕਲਾਂ, ਬਾਂਡੀ, ਪੱਕਾ ਕਲਾਂ, ਬੰਗੀ ਰੂਲਦੂ, ਮਾਈਸਰਖਾਨਾ, ਜੋਧਪੁਰ ਪਾਖਰ, ਸਿਰੀਏਵਾਲਾ, ਪੂਹਲਾ, ਜੈ ਸਿੰਘ ਵਾਲਾ ਅਤੇ ਕਰਾੜ ਵਾਲਾ ਤੋਂ 4-4 ਅਤੇ ਜੋਨ ਸਿੰਗੋ ਤੋਂ 5 ਉਮੀਦਵਾਰ ਮੈਦਾਨ 'ਚ ਹਨ। ਪੋਲਿੰਗ 14 ਦਸਬੰਰ ਨੂੰ ਹੋਵੇਗੀ ਅਤੇ ਨਤੀਜਾ 17 ਦਸੰਬਰ ਨੂੰ ਆਵੇਗਾ।

ਬਠਿੰਡਾ ਜਿਲ੍ਹੇ ਵਿੱਚ ਐਤਕੀ ਚੋਣ ਮਹੌਲ ਵਿੱਚ ਪੁਲਿਸ ਦੀ ਬਹੁਤੀ ਸਰਗਰਮੀ ਦੇਖਣ ਨੂੰ ਨਹੀਂ ਮਿਲ ਰਹੀ ਹੈ। ਤਰਨ ਤਾਰਨ ਦੀ ਐਸਐਸਪੀ ਖਿਲਾਫ ਸਖਤ ਕਾਰਵਾਈ ਹੋਣ ਕਾਰਨ ਪੁਲਿਸ ਪ੍ਰਸ਼ਾਸ਼ਨ ਵੀ ਹਰ ਕਦਮ ਫੂਕ ਫੂਕਕੇ ਰੱਖਣ ਲੱਗਿਆ ਹੈ। ਕਿਸੇ ਕਾਰਵਾਈ ਦੇ ਡਰ ਤੋਂ ਥਾਣੇਦਾਰ ਵੀ ਸਿਆਸੀ ਲੀਡਰਾਂ ਨਾਲ ਦੁਆ ਸਲਾਮ ਤੋਂ ਬਚ ਰਹੇ ਹਨ। ਹਾਕਮ ਧਿਰ ਆਮ ਆਦਮੀ ਪਾਰਟੀ ਨੇ ਬਕਾਇਦਾ ਚੋਣ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਦੋਂਕਿ ਵਿਰੋਧੀ ਧਿਰ ਕਾਂਗਰਸ ਦੀਆਂ ਸਰਗਰਮੀਆਂ ਓਨੀਆਂ ਨਹੀਂ ਹਨ। ਹਲਕਾ ਰਾਮਪੁਰਾ ਫੂਲ 'ਚ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਅਕਾਲੀ ਦਲ ਲਈ ਅਤੇ ਉਨ੍ਹਾਂ ਦਾ ਭਾਜਪਾਈ ਲੜਕਾ ਗੁਰਪ੍ਰੀਤ ਸਿੰਘ ਮਲੂਕਾ ਭਾਜਪਾ ਲਈ ਚੋਣ ਪ੍ਰਚਾਰ 'ਚ ਕੁੱਦੇ ਹੋਏ ਹਨ।

ਜਿਲ੍ਹਾ ਪ੍ਰੀਸ਼ਦ ਚੋਣਾਂ ਵਰਗੇ ਅਹਿਮ ਸਿਆਸੀ ਦੰਗਲ ਦੌਰਾਨ ਦੌਰਾਨ ਬਠਿੰਡਾ ਜਿਲ੍ਹੇ ਚੋਂ ਬਹੁਜਨ ਸਮਾਜ ਪਾਰਟੀ ਅਤੇ ਖੱਬੀ ਪੱਖੀ ਕਾਮਰੇਡਾਂ ਦੇ ਚੋਣ ਲੜਨ ਦੀ ਗੱਲ ਸਾਹਮਣੇ ਨਹੀਂ ਆਈ ਹੈ। ਉਂਜ ਅੰਦਰੋ ਅੰਦਰੀ ਇੰਨ੍ਹਾਂ ਪਾਰਟੀਆਂ ਦੇ ਸਰਗਰਮ ਹੋਣ ਦੀ ਚਰਚਾ ਹੈ। ਵਿਧਾਨ ਸਭਾ ਚੋਣਾਂ ਮੌਕੇ ਵੋਟਰਾਂ ਨੂੰ ਦਰਸ਼ਨ ਦੇਣ ਅਤੇ ਚੋਣ ਮੈਦਾਨ ਦੀ ਰੌਣਕ ਵਧਾਉਣ ਵਾਲੀਆਂ ਹੋਰ ਵੀ ਕਈ ਛੋਟੀਆਂ ਵੱਡੀਆਂ ਧਿਰਾਂ ਇਸ ਵਾਰ ਮੈਦਾਨ ਚੋਂ ਗਾਇਬ ਦਿਖਾਈ ਦੇ ਰਹੀਆਂ ਹਨ।

Space available for Ad
Contact # +1 (209) 303-1260

ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

Where Hope Meets

IMMIGRATION OPPORTUNITIES

USA SERVICES :

CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :

Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਚਿੰਤਾ ਅਤੇ ਮਨੁੱਖੀ ਮਤ

ਅਜੋਕੇ ਪਦਾਰਥਵਾਦ ਦੇ ਯੁੱਗ ਵਿੱਚ ਮਨੁੱਖ ਸਦੈਵ ਆਪਣੇ ਆਪ ਨੂੰ ਦੁਨਿਆਵੀ ਚਿੰਤਾਵਾਂ ਵਿੱਚ ਕੈਦ ਮਹਿਸੂਸ ਕਰਦਾ ਹੈ। ਇਹ ਚਿੰਤਾਵਾਂ ਸਰੀਰਿਕ ਕਸ਼ਟ ਦੇ ਨਾਲ ਨਾਲ ਮਾਨਸਿਕ ਪੀੜਾ ਵੀ ਵਧਾਉਂਦੀਆਂ ਹਨ। ਇਸ ਸਬੰਧੀ ਗੁਰਬਾਣੀ ਮਨੁੱਖ ਨੂੰ ਸਟੀਕ ਸੇਧ ਪ੍ਰਦਾਨ ਕਰਦੀ ਹੈ।

ਗੁਰਬਾਣੀ ਵਿੱਚ ਦਰਜ ਹੈ

ਨਾਨਕ ਚਿੰਤਾ ਮਤਿ ਕਰਹੁ
ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ
ਤਿਨਾ ਭਿ ਰੋਜੀ ਦੇਇ ॥

ਉਪਰੋਕਤ ਸ਼ਬਦ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੯੫੫ ਉੱਪਰ ਅੰਕਿਤ ਹੈ। ਇਹ ਸ਼ਬਦ ਸਿੱਖ ਧਰਮ ਦੀਆਂ ਸਭ ਤੋਂ ਡੂੰਘੀਆਂ ਤੇ ਮਹੱਤਵਪੂਰਨ ਸਿੱਖਿਆਵਾਂ ਪ੍ਰਦਾਨ ਕਰਦਾ ਹੈ। ਗੁਰਬਾਣੀ ਦਾ ਉਪਰੋਕਤ ਸ਼ਬਦ ਜੀਵਨ ਦੀ ਸੋਚ, ਦ੍ਰਿਸ਼ਟੀਕੋਣ ਅਤੇ ਜੀਵਨ ਜੀਉਣ ਦਾ ਤਰੀਕਾ ਹੈ।

ਇਸ ਸ਼ਬਦ ਵਿੱਚ ਗੁਰੂ ਸਾਹਿਬ ਮਨੁੱਖਾਂ ਨੂੰ ਸਮਝਾ ਰਹੇ ਹਨ ਕਿ ਉਸ ਨੂੰ ਵਿਅਰਥ ਦੀ ਚਿੰਤਾ ਛੱਡ ਦੇਣੀ ਚਾਹੀਦੀ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜੋ ਸੰਸਾਰ ਦਾ ਰਚਨਹਾਰ ਹੈ ਚਿੰਤਾ ਕਰਨੀ ਉਸ ਦਾ ਕਾਰਜ ਨਾ ਕੀ ਮਨੁੱਖ ਦਾ। ਸੁੱਖਾਂ ਦੀ ਮਣੀ ਸ੍ਰੀ ਸੁਖਮਨੀ ਸਾਹਿਬ ਵਿੱਚ ਗੁਰੂ ਅਰਜੁਨ ਦੇਵ ਸਾਹਿਬ ਫਰਮਾਉਂਦੇ ਹਨ ਕਿ

ਕਰਨ ਕਰਾਵਨ ਆਪੇ ਆਪਿ ॥
ਸਦਾ ਸਦਾ ਨਾਨਕ ਹਰਿ ਜਾਪਿ ॥

ਗੁਰੂ ਨਾਨਕ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ ਕਿ “ਚਿੰਤਾ” ਕਰਨੀ ਇਨਸਾਨ ਦੇ ਅਧਿਕਾਰ ਖੇਤਰ ਦਾ ਹਿੱਸਾ ਨਹੀਂ ਕਿਉਂਕਿ ਇਨਸਾਨ ਕਿਸੇ ਵੀ ਚੀਜ਼ ਦਾ ਰਚੇਤਾ ਨਹੀਂ ਅਤੇ ਨਾ ਹੀ ਉਹ ਪ੍ਰਭੂ ਦੀ ਆਗਿਆ ਤੋਂ ਬਿਨਾਂ ਕੋਈ ਕਾਰਜ ਉਲੀਕ, ਆਰੰਭ ਜਾਂ ਸਮਾਪਤ ਨਹੀ ਕਰ ਸਕਦਾ ਹੈ। ਜਿਸ ਪ੍ਰਭੂ ਨੇ ਸਮੁੱਚੇ ਜਗਤ ਦੇ ਵਿੱਚ ਜੀਵਾਂ ਨੂੰ ਪ੍ਰਾਣਾਂ ਦੀ ਦਾਤ ਬਖਸ਼ਿਸ਼ ਕੀਤੀ ਹੈ ਜੋ ਉਹਨਾਂ ਜੀਵਾਂ ਨੂੰ ਹਰ ਤਰ੍ਹਾਂ ਦੇ ਵਾਤਾਵਰਨ ਵਿੱਚ ਰਿਜ਼ਕ ਪ੍ਰਦਾਨ ਕਰਦਾ ਹੈ ਉਹੀ ਅਕਾਲ ਪੁਰਖ ਸਭ ਦੀ ਚਿੰਤਾ ਦਾ ਅਸਲ ਹੱਕਦਾਰ ਹੈ।

ਇਨਸਾਨ ਨੂੰ ਵਿਅਰਥ ਦੀ ਚਿੰਤਾ ਦਾ ਕਾਰਜ ਛੱਡ ਕੇ ਸਿਰਫ ਆਪਣਾ ਕਰਮ ਕਰਨਾ, ਸਬਰ ਸੰਤੋਖ ਨਾਲ ਨਿਆਇਕ ਜੀਵਨ ਜੀਉਣਾ ਹੈ। ਪਦਾਰਥਵਾਦੀ ਸੰਸਾਰ ਦੇ ਵਿੱਚ ਇਨਸਾਨ ਚਿੰਤਾਵਾਂ ਵਿੱਚ ਗ੍ਰਸਤ ਹੋਇਆ ਆਪਣੇ ਆਤਮਿਕ ਸੁੱਖ ਦੇ ਪੈਂਡੇ ਤੋਂ ਭਟਕ ਜਾਂਦਾ ਹੈ ਅਤੇ ਡਰ, ਚਿੰਤਾ ਤੇ ਬੇਚੈਨੀ ਭਰਿਆ ਜੀਵਨ ਬਤੀਤ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ।

ਅਸਲ ਚਿੰਤਾ ਕਿਸ ਦੀ?

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥

ਜਦੋਂ ਇਨਸਾਨ ਦੇ ਆਪਣੇ ਹੱਥ ਵੱਸ ਕੁਝ ਹੈ ਹੀ ਨਹੀਂ ਅਤੇ ਨਾ ਹੀ ਉਹ ਆਪਣੀ ਮਰਜ਼ੀ ਨਾਲ ਕੁਝ ਕਰ ਸਕਦਾ ਹੈ ਤਾਂ ਉਸ ਦੀ ਚਿੰਤਾ ਕਰਨੀ ਵਿਅਰਥ ਹੈ। ਅਕਾਲ ਪੁਰਖ ਸਮੁੱਚੀ ਕਾਇਨਾਤ ਦਾ ਰਚਨਹਾਰ ਹੈ ਅਤੇ ਪ੍ਰਭੂ ਦੀ ਆਗਿਆ ਨਾਲ ਹੀ ਉਹ ਸਾਰੀ ਕਾਇਨਾਤ ਨੂੰ ਪਾਲਦਾ ਹੈ। ਅਕਾਲ ਪੁਰਖ ਨੇ ਜੀਵਾਂ ਤੇ ਦਇਆ ਕਰਦਿਆਂ ਉਹਨਾਂ ਦੀ ਰੋਜ਼ੀ-ਰੋਟੀ ਦਾ ਬੰਦੋਬਸਤ ਆਪਣੇ ਹੁਕਮਾਂ ਮੁਤਾਬਕ ਕੀਤਾ ਹੋਇਆ ਹੈ। ਕੁਦਰਤ ਦੇ ਹੁਕਮ ਮੁਤਾਬਕ ਹੀ ਦਿਨ ਅਤੇ ਰਾਤ ਦਾ ਚੱਕਰ ਨਿਰੰਤਰ ਚੱਲ ਰਿਹਾ ਹੈ। ਸੰਸਾਰ ਦੀਆਂ ਸਮੁੱਚੀਆਂ ਰੁੱਤਾਂ ਵੀ ਉਸ ਦੇ ਹੁਕਮ ਮੁਤਾਬਕ ਹੀ ਆਪਣੀ ਚਾਲ ਚੱਲਦੀਆਂ ਹਨ। ਹਰ ਜੀਵ ਦੇ ਮਨ ਦੀ ਆਸ ਪੂਰੀ ਕਰਨ ਵਾਲਾ ਵੀ ਉਹ ਆਪ ਖੁਦ ਪ੍ਰਭੂ ਪਿਤਾ ਹੈ। ਇਨਸਾਨ ਅਕਸਰ ਆਪਣੀ ਹੱਦ ਤੋਂ ਵੱਧ ਸੋਚ ਕੇ ਥੱਕ ਹਾਰ ਕੇ ਹੰਭ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਸਾਨੂੰ ਸਮਝਾਉਂਦੇ ਹਨ ਕਿ ਜਦ ਰੱਬ ਨੇ ਸਾਨੂੰ ਰਚਿਆ ਹੈ ਤਾ ਫਿਰ ਉਹ ਸਾਡੀ ਸੰਭਾਲ ਕਰੇਗਾ।

ਮਾਨਸਿਕ ਤਣਾਅ ਦਾ ਇਲਾਜ

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥

ਅੱਜ ਲੋਕਾਂ ਨੂੰ ਡਰ,ਚਿੰਤਾ,ਤਣਾਅ ਅਤੇ ਫਿਕਰਾਂ ਨੇ ਘੇਰ ਲਿਆ ਹੈ। ਅੱਜ ਦੇ ਸੁਚੇਤ ਮਨੁੱਖ ਦੀ ਮੂਲ ਸਮੱਸਿਆ ਇਹ ਹੈ ਕਿ ਉਹ ਹਮੇਸ਼ਾ ਭਵਿੱਖ ਦੇ ਡਰ ਵਿੱਚ ਜੀਉਂਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਮਨੁੱਖਾਂ ਨੂੰ ਭਵਿੱਖ ਦੀ ਚਿੰਤਾ ਛੱਡ ਕੇ ਨੇਕ ਕਿਰਤ ਕਰਨੀ, ਉਸ ਪ੍ਰਭੂ ਪਿਤਾ ਦਾ ਨਾਮ ਜਪਣਾ ਅਤੇ ਵੰਡ ਕੇ ਛੱਕਣਾ ਹੀ ਉਸ ਨੂੰ ਆਤਮਿਕ ਸ਼ਾਂਤੀ ਪ੍ਰਦਾਨ ਕਰੇਗਾਂ।

ਵਿਸ਼ਵਾਸ ਅਤੇ ਸਮਰਪਣ

ਜਦੋਂ ਇਨਸਾਨ ਰੱਬ ਉੱਤੇ ਭਰੋਸਾ ਕਰਦਾ ਹੈ ਤਾਂ ਉਸ ਸਮੇਂ ਉਹ ਆਪਣੇ ਮਨ ਦੇ ਭਾਰ ਨੂੰ ਹੌਲਾ ਕਰ ਲੈਂਦਾ ਹੈ। ਹਰ ਕੰਮ ਦੀ ਚਿੰਤਾ ਛੱਡ ਕੇ ਨਾਮ ਜਪਣ ਨਾਲ ਮਨ ਵਿਚ ਹੌਸਲਾ ਆ ਜਾਂਦਾ ਹੈ। ਇਸ ਦੀ ਇੱਕ ਉਦਾਹਰਨ ਹੈ ਕਿ ਕਿਰਸਾਣ ਮਿੱਟੀ ’ਚ ਬੀਜ ਬੀਜਦਾ ਹੈ ਪਰ ਬੀਜ ਨੂੰ ਅੰਕੁਰਿਤ ਕਰਨ ਦੀ ਚਿੰਤਾ ਰੱਬ ਖੁਦ ਆਪ ਕਰਦਾ ਹੈ। ਪੰਛੀ ਦਾਣਾ ਖਾਂਦੇ ਹਨ ਪਰ ਉਨ੍ਹਾਂ ਦੇ ਲਈ ਦਾਣਿਆਂ ਦਾ ਪ੍ਰਬੰਧ ਰੱਬ ਕਰਦਾ ਹੈ।ਜੋ ਵਾਪਰ ਰਿਹਾ ਹੈ ਉਸ ਨੂੰ ਸਵੀਕਾਰ ਕਰਨ ਨਾਲ ਮਨੁੱਖ ਨੂੰ ਮਾਨਸਿਕ ਪੀੜਾਂ ਨੂੰ ਘੱਟ ਕਰਨ ਦੀ ਸਮਰੱਥਾ ਮਿਲਦੀ ਹੈ। ਨਾਮ ਜਪਣ ਨਾਲ ਹੀ ਮਨੁੱਖ ਦਾ ਮਨ ਸ਼ਾਂਤ ਰਹਿੰਦਾ ਹੈ। ਗੁਰੂ ਜੀ ਲੋਕਾਈ ਨੂੰ ਸਮਝਾਉਂਦੇ ਹਨ ਕਿ ਨਾਮ ਜਪੋ ਤੇ ਚਿੰਤਾ ਆਪਣੇ ਆਪ ਦੂਰ ਹੋ ਜਾਏਗੀ।

ਕਿਵੇਂ ਲਾਗੂ ਕਰੀਏ ਇਸ ਸਿੱਖਿਆ ਨੂੰ?

ਰੋਜ਼ਾਨਾ ਸਿਮਰਨ ਕਰੀਏ

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥
ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥

ਰੋਜ਼ਾਨਾ ਗੁਰੂ ਜੀ ਦੀ ਬਾਣੀ ਦਾ ਪਾਠ, ਸਿਮਰਨ ਕਰਨ ਤੇ ਨਾਮ ਜਪਣ ਨਾਲ ਦਿਲ ਨੂੰ ਸ਼ਾਂਤੀ ਮਿਲਦੀ ਹੈ। ਇਹ ਦਿਲੋਂ ਡਰ, ਚਿੰਤਾ ਅਤੇ ਤਣਾਓ ਦੀਆਂ ਜੜ੍ਹਾਂ ਕੱਟਦਾ ਹੈ।

ਨੇਕ ਨੀਤੀ ਨਾਲ ਕਰਮ ਕਰੀਏ

ਜੇ ਤੁਸੀਂ ਆਪਣਾ ਕੰਮ ਇਮਾਨਦਾਰੀ ਨਾਲ ਕਰਦੇ ਹੋ ਤਾਂ ਨਤੀਜੇ ਦੀ ਚਿੰਤਾ ਤੁਹਾਡੀ ਨਹੀ ਬਲਕਿ ਤਿੰਨਾਂ ਲੋਕਾਂ ਦੇ ਮਾਲਕ ਉਸ ਪਿਤਾ ਦੀ ਜ਼ਿੰਮੇਵਾਰੀ ਹੈ।

ਵਿਸ਼ਵਾਸ ਰੱਖੀਏ

ਕਈ ਵਾਰੀ ਜ਼ਿੰਦਗੀ ਵਿੱਚ ਹਾਲਾਤ ਥੋੜ੍ਹੀ ਦੇਰ ਲਈ ਖ਼ਰਾਬ ਹੋ ਸਕਦੇ ਹਨ ਪਰ ਦਿਲ ਵਿੱਚ ਇਹ ਯਕੀਨ ਰੱਖੋ ਕਿ ਹਰ ਰਾਤ ਤੋਂ ਬਾਅਦ ਸਵੇਰ ਆਉਂਦੀ ਹੈ।

ਮਨ ਨੂੰ ਪ੍ਰਸੰਨ ਰੱਖਣ ਦੀ ਕੋਸ਼ਿਸ਼ ਕਰੀਏ

ਨਚਣੁ ਕੁਦਣੁ ਮਨ ਕਾ ਚਾਉ ॥
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥

ਸਤਿਗੁਰੂ ਸਮਝਾਉਂਦੇ ਹਨ ਕਿ ਨੱਚਣਾ ਅਤੇ ਕੁੱਦਣਾ ਕੇਵਲ ਮਨ ਦਾ ਇੱਕ ਚਾਅ ਹੈ ਅਤੇ ਜਿੰਨਾ ਮਨੁੱਖਾਂ ਦੇ ਮਨ ਅੰਦਰ ਅਕਾਲ ਪੁਰਖ ਦਾ ਭਉ ਹੈ ਉਹਨਾਂ ਅੰਦਰ ਹੀ ਆਤਮਿਕ ਚਾਅ ਪੈਦਾ ਹੁੰਦਾ ਹੈ। ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਮਨੁੱਖ ਨੂੰ ਸਦੈਵ ਉਸ ਦੀਆਂ ਬਖਸ਼ੀਆਂ ਦਾਤਾਂ ਦੀ ਕਦਰ ਕਰਨਾ ਅਤੇ ਛੋਟੀਆਂ ਵੱਡੀਆਂ ਖੁੱਸ਼ੀਆਂ ਵਿੱਚ ਖੁੱਸ਼ ਰਹਿਣਾ ਚਾਹੀਦਾ ਹੈ।ਇਹ ਸਭ ਚਿੰਤਾ ਦੂਰ ਕਰਨ ਦੇ ਅਸਲ ਤੇ ਅਚੂਕ ਹਥਿਆਰ ਹਨ।









# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.


**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com




NOW OPEN
NOW OPEN
Tandoori
FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori
FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com


"ਕੀ ਤੁਸੀਂ ਆਪਣੇ ਘਰ, ਗੱਡੀ, ਪਰਿਵਾਰ ਜਾਂ ਕਾਰੋਬਾਰ ਦੀ
ਸੁਰੱਖਿਆ ਲਈ ਇੰਸ਼ੋਰੈਂਸ ਲੱਭ ਰਹੇ ਹੋ ?
FARMERS INSURANCE
ਨਵਨੀਤ ਕੌਰ
INSURANCE AGENCY
------------- "ਤੁਹਾਡਾ ਸੁਆਗਤ ਹੈ" -------------
"ਅਸੀਂ ਤੁਹਾਡੀ ਹਰ ਲੋੜ ਲਈ ਇੰਸ਼ੋਰੈਂਸ ਪੌਲਿਸੀਆਂ ਵੇਚਦੇ ਹਾਂ, ਜਿਵੇਂ :
ਆਟੋ
INSURANCE
ਹੋਮ
ਲਾਈਫ
ਵਪਾਰਕ ਇੰਸ਼ੋਰੈਂਸ
"ਸਾਡੇ ਕੋਲ ਖੇਤਾਂ, ਪਹਾੜਾਂ ਅਤੇ ਕਸਟਮ ਬਿਲਡ ਘਰਾਂ ਦੀ ਵੀ ਇੰਸ਼ੋਰੈਂਸ ਉਪਲਬਧ ਹੈ
ਇਸ ਤੋਂ ਇਲਾਵਾ, ਅਸੀਂ ਨੌਨ-ਸਟੈਂਡਰਡ ਆਟੋ ਪੌਲਿਸੀਜ਼ ਵੀ ਕਰਦੇ ਹਾਂ!"
Get a free Quote
"ਸਾਡੇ ਨਾਲ ਸੰਪਰਕ ਕਰੋ :
ਫ਼ੋਨ ਨੰਬਰ: (209) 672-4539
ਪਤਾ :- 17416 Murphy Pkwy, Lathrop, CA 95330
KANWALJIT SINGH
(Insurance Agent)
ਨਵਨੀਤ ਕੌਰ ਫਾਰਮਰ ਇੰਸ਼ੋਰੈਂਸ – ਜਿੱਥੇ ਤੁਹਾਡੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ!"


Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

# ਵਿਗਿਆਨੀਆਂ ਨੇ ਨਵੇਂ ਪਲਾਸਟਿਕ ਵਿਕਸਤ ਕੀਤੇ ਹਨ ਜੋ ਸੁਰੱਖਿਅਤ ਢੰਗ ਨਾਲ ਟੁੱਟਦੇ ਹਨ

ਵਿਗਿਆਨੀਆਂ ਦੀ ਇੱਕ ਟੀਮ, ਖਾਸ ਤੌਰ 'ਤੇ ਰਟਗਰਜ਼ ਯੂਨੀਵਰਸਿਟੀ ਦੇ ਰਸਾਇਣ ਵਿਗਿਆਨੀ ਯੂਵੇਈ ਗੂ ਦੀ ਅਗਵਾਈ ਵਿੱਚ, ਨੇ ਨਵੇਂ ਪਲਾਸਟਿਕ ਵਿਕਸਤ ਕਰਨ ਵਿੱਚ ਇੱਕ ਮਹੱਤਵਪੂਰਨ ਸਫਲਤਾ ਹਾਸਲ ਕੀਤੀ ਹੈ ਜੋ ਰੋਜ਼ਾਨਾ ਦੀਆਂ ਸਥਿਤੀਆਂ ਵਿੱਚ ਸੁਰੱਖਿਅਤ ਅਤੇ ਕੁਦਰਤੀ ਤੌਰ 'ਤੇ ਘਟਣ ਲਈ ਤਿਆਰ ਕੀਤੇ ਗਏ ਹਨ। ਇਹ ਖੋਜ ਸਭ ਤੋਂ ਵੱਡੀਆਂ ਵਿਸ਼ਵਵਿਆਪੀ ਚੁਣੌਤੀਆਂ ਵਿੱਚੋਂ ਇੱਕ ਨੂੰ ਸੰਬੋਧਿਤ ਕਰਦੀ ਹੈ: ਪਲਾਸਟਿਕ ਪ੍ਰਦੂਸ਼ਣ ਦੀ ਨਿਰੰਤਰਤਾ। ਕੁਦਰਤ ਦੇ ਬਲੂਪ੍ਰਿੰਟ ਤੋਂ ਉਧਾਰ ਲੈਣਾ ਇਸ ਖੋਜ ਦਾ ਮੂਲ ਇਹ ਦੇਖਣ ਤੋਂ ਪੈਦਾ ਹੁੰਦਾ ਹੈ ਕਿ ਕਿਵੇਂ ਕੁਦਰਤੀ ਪੋਲੀਮਰ, ਜਿਵੇਂ ਕਿ ਡੀਐਨਏ ਅਤੇ ਸੈਲੂਲੋਜ਼, ਸਮੇਂ ਦੇ ਨਾਲ ਮੁਕਾਬਲਤਨ ਆਸਾਨੀ ਨਾਲ ਟੁੱਟ ਜਾਂਦੇ ਹਨ, ਸਿੰਥੈਟਿਕ ਪਲਾਸਟਿਕ ਦੇ ਉਲਟ, ਜਿਸ ਵਿੱਚ ਸਦੀਆਂ ਲੱਗ ਸਕਦੀਆਂ ਹਨ। ਖੋਜਕਰਤਾਵਾਂ ਨੇ ਪਾਇਆ ਕਿ ਕੁਦਰਤ ਪੋਲੀਮਰ ਚੇਨਾਂ ਵਿੱਚ ਛੋਟੇ "ਸਹਾਇਕ ਸਮੂਹ" ਬਣਾਉਂਦੀ ਹੈ ਜੋ ਉਹਨਾਂ ਨੂੰ ਤੋੜਨਾ ਆਸਾਨ ਬਣਾਉਂਦੀਆਂ ਹਨ। ਇਸ ਸਿਧਾਂਤ ਦੀ ਨਕਲ ਕਰਕੇ, ਰਟਗਰਜ਼ ਟੀਮ ਨੇ ਸਿੰਥੈਟਿਕ ਪਲਾਸਟਿਕ ਨੂੰ ਇੱਕ ਰਸਾਇਣਕ ਢਾਂਚੇ ਦੇ ਨਾਲ ਤਿਆਰ ਕੀਤਾ ਹੈ ਜੋ ਡੀਗਰੇਡ ਕਰਨ ਲਈ ਪ੍ਰੋਗਰਾਮ ਕੀਤਾ ਗਿਆ ਹੈ। ਮੁੱਖ ਵਿਧੀ: ਵਿਗਿਆਨੀਆਂ ਨੇ ਪਲਾਸਟਿਕ ਦੇ ਰਸਾਇਣਕ ਢਾਂਚੇ ਦੇ ਅੰਦਰ ਹਿੱਸਿਆਂ ਨੂੰ ਰਣਨੀਤਕ ਤੌਰ 'ਤੇ ਵਿਵਸਥਿਤ ਕੀਤਾ ਤਾਂ ਜੋ ਉਹ ਚਾਲੂ ਹੋਣ 'ਤੇ ਟੁੱਟਣ ਦੀ ਸ਼ੁਰੂਆਤ ਕਰਨ ਲਈ ਸੰਪੂਰਨ ਸਥਿਤੀ ਵਿੱਚ ਹੋਣ। ਉਨ੍ਹਾਂ ਨੇ ਸਮੱਗਰੀ ਨੂੰ ਆਸਾਨੀ ਨਾਲ ਫਟਣ ਲਈ "ਪਹਿਲਾਂ ਤੋਂ ਫੋਲਡ" ਕੀਤਾ।

ਕੰਟਰੋਲਯੋਗ ਟੁੱਟਣਾ: ਮਹੱਤਵਪੂਰਨ ਤੌਰ 'ਤੇ, ਇਹਨਾਂ ਗੁਆਂਢੀ ਸਮੂਹਾਂ ਦੀ ਸਹੀ ਸਥਾਨਿਕ ਵਿਵਸਥਾ ਗਿਰਾਵਟ ਦੀ ਦਰ ਨੂੰ ਨਾਟਕੀ ਢੰਗ ਨਾਲ ਬਦਲਦੀ ਹੈ। ਇਹ ਉਸੇ ਪਲਾਸਟਿਕ ਨੂੰ ਦਿਨਾਂ, ਮਹੀਨਿਆਂ, ਜਾਂ ਸਾਲਾਂ ਦੀ ਮਿਆਦ ਵਿੱਚ ਟੁੱਟਣ ਲਈ ਇੰਜੀਨੀਅਰਿੰਗ ਕਰਨ ਦੀ ਆਗਿਆ ਦਿੰਦਾ ਹੈ, ਜੋ ਕਿ ਉਦੇਸ਼ਿਤ ਵਰਤੋਂ ਦੇ ਅਧਾਰ ਤੇ ਹੁੰਦਾ ਹੈ। ਬਹੁਪੱਖੀਤਾ ਅਤੇ ਸੁਰੱਖਿਆ ਬਹੁਤ ਸਾਰੇ "ਬਾਇਓਡੀਗ੍ਰੇਡੇਬਲ" ਪਲਾਸਟਿਕਾਂ ਦੇ ਉਲਟ ਜਿਨ੍ਹਾਂ ਲਈ ਖਾਸ ਉਦਯੋਗਿਕ ਖਾਦ ਬਣਾਉਣ ਦੀਆਂ ਸਹੂਲਤਾਂ ਜਾਂ ਕਠੋਰ ਹਾਲਤਾਂ ਦੀ ਲੋੜ ਹੁੰਦੀ ਹੈ, ਇਹ ਨਵਾਂ ਤਰੀਕਾ ਪਲਾਸਟਿਕ ਨੂੰ ਆਮ, ਰੋਜ਼ਾਨਾ ਵਾਤਾਵਰਣ ਵਿੱਚ ਉੱਚ ਗਰਮੀ ਜਾਂ ਕਠੋਰ ਰਸਾਇਣਾਂ ਦੀ ਲੋੜ ਤੋਂ ਬਿਨਾਂ ਡੀਗਰੇਡ ਕਰਨ ਦੀ ਆਗਿਆ ਦਿੰਦਾ ਹੈ। ਟਰਿੱਗਰ ਮਕੈਨਿਜ਼ਮ: ਡਿਗ੍ਰੇਡੇਸ਼ਨ ਨੂੰ ਬਿਲਟ-ਇਨ ਕੀਤਾ ਜਾ ਸਕਦਾ ਹੈ ਜਾਂ ਅਲਟਰਾਵਾਇਲਟ (ਯੂਵੀ) ਰੋਸ਼ਨੀ ਜਾਂ ਧਾਤ ਦੇ ਆਇਨਾਂ ਵਰਗੇ ਬਾਹਰੀ ਟਰਿੱਗਰਾਂ ਦੀ ਵਰਤੋਂ ਕਰਕੇ ਚਾਲੂ ਜਾਂ ਬੰਦ ਕੀਤਾ ਜਾ ਸਕਦਾ ਹੈ, ਜਿਸ ਨਾਲ ਨਿਰਮਾਤਾਵਾਂ ਅਤੇ ਰੀਸਾਈਕਲਰਾਂ ਲਈ ਨਿਯੰਤਰਣ ਦੀ ਇੱਕ ਹੋਰ ਪਰਤ ਜੋੜੀ ਜਾਂਦੀ ਹੈ। ਉਪ-ਉਤਪਾਦਾਂ ਦੀ ਸੁਰੱਖਿਆ: ਸ਼ੁਰੂਆਤੀ ਪ੍ਰਯੋਗਸ਼ਾਲਾ ਟੈਸਟਾਂ ਨੇ ਸੰਕੇਤ ਦਿੱਤਾ ਹੈ ਕਿ ਟੁੱਟਣ ਦੀ ਪ੍ਰਕਿਰਿਆ ਦੁਆਰਾ ਪੈਦਾ ਹੋਣ ਵਾਲਾ ਤਰਲ ਜ਼ਹਿਰੀਲਾ ਨਹੀਂ ਹੈ। ਹਾਲਾਂਕਿ, ਡਿਗਰੇਡੇਸ਼ਨ ਉਤਪਾਦਾਂ ਦੀ ਗੈਰ-ਜ਼ਹਿਰੀਲੀ ਪ੍ਰਕਿਰਤੀ ਦੀ ਪੂਰੀ ਤਰ੍ਹਾਂ ਪੁਸ਼ਟੀ ਕਰਨ ਲਈ ਹੋਰ ਖੋਜ ਕੀਤੀ ਜਾ ਰਹੀ ਹੈ। ਬਾਇਓਡੀਗ੍ਰੇਡੇਬਲ ਪਲਾਸਟਿਕ ਦਾ ਵਿਆਪਕ ਸੰਦਰਭ ਇਹ ਵਿਕਾਸ ਸਮੱਗਰੀ ਵਿਗਿਆਨ ਵਿੱਚ ਵਧ ਰਹੇ ਰੁਝਾਨ ਦਾ ਹਿੱਸਾ ਹੈ ਜੋ ਵਿਸ਼ਵਵਿਆਪੀ ਸੰਕਟ ਦਾ ਮੁਕਾਬਲਾ ਕਰਨ ਲਈ ਵਧੇਰੇ ਟਿਕਾਊ ਪਲਾਸਟਿਕ ਵਿਕਲਪਾਂ ਨੂੰ ਵਿਕਸਤ ਕਰਨ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਸ਼ਾਮਲ ਹਨ: ਐਨਜ਼ਾਈਮ-ਏਮਬੈਡਡ ਪਲਾਸਟਿਕ: ਖੋਜਕਰਤਾਵਾਂ ਨੇ ਪਲਾਸਟਿਕ ਦੇ ਅੰਦਰ ਪੋਲਿਸਟਰ-ਖਾਣ ਵਾਲੇ ਐਨਜ਼ਾਈਮ ਸ਼ਾਮਲ ਕੀਤੇ ਹਨ, ਜੋ ਫਿਰ ਗਰਮੀ ਅਤੇ ਪਾਣੀ ਦੁਆਰਾ ਹਫ਼ਤਿਆਂ ਦੇ ਅੰਦਰ ਸਮੱਗਰੀ ਨੂੰ ਇਸਦੇ ਬੁਨਿਆਦੀ ਬਿਲਡਿੰਗ ਬਲਾਕਾਂ, ਜਿਵੇਂ ਕਿ ਲੈਕਟਿਕ ਐਸਿਡ, ਵਿੱਚ ਤੋੜਨ ਲਈ ਸ਼ੁਰੂ ਹੁੰਦੇ ਹਨ। ਸਮੁੰਦਰ-ਸੜਨਯੋਗ ਪਲਾਸਟਿਕ: ਹੋਰ ਨਵੀਨਤਾਵਾਂ ਵਿੱਚ ਟਿਕਾਊ ਪਲਾਸਟਿਕ ਸ਼ਾਮਲ ਹਨ ਜੋ ਸਮੁੰਦਰੀ ਪਾਣੀ ਵਿੱਚ ਸੜਨ ਵਾਲੇ ਬਾਂਡਾਂ (ਜਿਵੇਂ ਕਿ ਕਰਾਸ-ਲਿੰਕਡ ਸਾਲਟ ਬ੍ਰਿਜ) ਦੀ ਵਰਤੋਂ ਕਰਦੇ ਹਨ ਜੋ ਸਮੁੰਦਰ ਦੀ ਖਾਰੇਪਣ ਦੁਆਰਾ ਆਸਾਨੀ ਨਾਲ ਟੁੱਟ ਜਾਂਦੇ ਹਨ, ਸਮੁੰਦਰੀ ਵਾਤਾਵਰਣ ਵਿੱਚ ਮਾਈਕ੍ਰੋਪਲਾਸਟਿਕ ਪ੍ਰਦੂਸ਼ਣ ਨੂੰ ਰੋਕਦੇ ਹਨ। ਬਾਇਓ-ਅਧਾਰਤ ਸਮੱਗਰੀ: ਸਟਾਰਚ, ਪੌਦਿਆਂ ਦੇ ਪ੍ਰੋਟੀਨ (ਜਿਵੇਂ ਕਿ ਮਟਰ ਅਤੇ ਸੋਇਆ), ਜਾਂ ਭੋਜਨ ਦੀ ਰਹਿੰਦ-ਖੂੰਹਦ ਵਾਲੀ ਸ਼ੱਕਰ, ਜਿਸ ਵਿੱਚ ਪੋਲੀਹਾਈਡ੍ਰੋਕਸੀਅਲਕੈਨੋਏਟਸ ਅਤੇ ਪੌਲੀਲੈਕਟਿਕ ਐਸਿਡ ਵਰਗੀਆਂ ਸਮੱਗਰੀਆਂ ਸ਼ਾਮਲ ਹਨ, ਵਰਗੇ ਫੀਡਸਟਾਕਾਂ ਤੋਂ ਪ੍ਰਾਪਤ ਬਾਇਓ-ਅਧਾਰਤ ਅਤੇ ਬਾਇਓਡੀਗ੍ਰੇਡੇਬਲ ਪੋਲੀਮਰਾਂ ਵਿੱਚ ਵੀ ਮਹੱਤਵਪੂਰਨ ਬਾਜ਼ਾਰ ਵਾਧਾ ਦੇਖਿਆ ਗਿਆ ਹੈ। ਇਸ ਖੋਜ ਦਾ ਅੰਤਮ ਟੀਚਾ ਅਜਿਹੀ ਸਮੱਗਰੀ ਬਣਾਉਣਾ ਹੈ ਜੋ ਵਰਤੋਂ ਦੌਰਾਨ ਵਧੀਆ ਪ੍ਰਦਰਸ਼ਨ ਕਰਦੀਆਂ ਹਨ ਪਰ ਬਾਅਦ ਵਿੱਚ ਕੁਦਰਤੀ ਤੌਰ 'ਤੇ ਅਲੋਪ ਹੋ ਜਾਂਦੀਆਂ ਹਨ, ਇੱਕ ਸਰਕੂਲਰ ਅਰਥਵਿਵਸਥਾ ਲਈ ਸਮੱਗਰੀ ਨੂੰ ਮੁੜ ਡਿਜ਼ਾਈਨ ਕਰਨ ਲਈ ਇੱਕ ਵਿਹਾਰਕ, ਰਸਾਇਣ-ਅਧਾਰਤ ਹੱਲ ਪ੍ਰਦਾਨ ਕਰਦੀਆਂ ਹਨ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ





RE/MAX EXECUTIVE



ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।

**Kirandeep Kaur**

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SAMRA
REAL ESTATE GROUP
LET US GUIDE YOU HOME
ਘਰ ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਜਰੂਰ ਮਿਲੋ
COMMERCIAL and RESIDENTIAL
industrial
Agriculture Land
Liquor Stores
Gas Stations
Apartments,
Commercial Buildings ਖਰੀਦਣ ਜਾਂ ਵੇਚਣ ਲਈ ਮਿਲੋ
Jass Samra
REALTOR BROKER
Residential & Commercial
(317) 513-9456
jsamra@jassamra.com
www.jassamra.com
8555 N. River Rd. Suite 200 Indianapolis, IN 46240
Real Estate Lic Number Each Office Independently Owned And Operated


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# ਲੋਕ

ਸੋਹਣਿਆਂ ਦੀ ਤਲਾਸ਼ ਚ ਅਕਸਰ,
ਚੰਗਿਆਂ ਨੂੰ ਗਵਾ ਲੈਂਦੇ ਨੇ ਲੋਕ,
ਖਾਣਾ ਤਾਂ ਨਹੀਂ ਚਾਹੁੰਦੇ ਭਾਵੇਂ,
ਪਰ ਤਾਂ ਵੀ ਧੋਖਾ ਖਾ ਲੈਂਦੇ ਨੇ ਲੋਕ।
ਦਿਲ ਵਿੱਚ ਭਾਵੇਂ ਦਰਦ ਹੁੰਦੇ ਨੇ,
ਉੱਤੋਂ-ਉੱਤੋਂ ਮੁਸਕਰਾ ਲੈਂਦੇ ਨੇ ਲੋਕ,
ਕਈ ਮਰੂ-ਮਰੂ ਕਰਕੇ ਦਿਨ ਕੱਟਦੇ,
ਕਈ ਰੋਂਦਿਆਂ ਨੂੰ ਵੀ ਹਸਾ ਲੈਂਦੇ ਨੇ ਲੋਕ।
ਕਈਆਂ ਦੀ ਫਿਤਰਤ ਵਿੱਚ ਧੋਖੇ ਹੁੰਦੇ,
ਚਿਹਰੇ ਤੇ ਚਿਹਰਾ ਚੜ੍ਹਾ ਲੈਂਦੇ ਨੇ ਲੋਕ,
ਕਈ ਆਪਣਾ ਨਾਂ ਜੱਗ ਤੇ ਚਮਕਾਉਂਦੇ,
ਕਈ ਮਿੱਟੀ ਵਿੱਚ ਮਿਲਾ ਲੈਂਦੇ ਨੇ ਲੋਕ।
ਕਈਆਂ ਦਾ ਢਿੱਡ ਬੇਈਮਾਨੀ ਨਾਲ ਨਹੀਂ ਭਰਦਾ,
ਕਈ ਹੱਕ-ਹਲਾਲ ਦੀ ਕਮਾ ਲੈਂਦੇ ਨੇ ਲੋਕ,
ਕਈ ਮਾਸ-ਆਂਡਾ ਤਾਂ ਖਾਂਦੇ ਨਹੀਂ ਪਰ,
ਹੱਕ ਪਰਾਇਆ ਪਚਾ ਲੈਂਦੇ ਨੇ ਲੋਕ।
ਕਈ ਮੌਤ ਦੀ ਸਰਦਲ ਤੇ ਬਹਿ ਕੇ,
ਗੀਤ ਇਸ਼ਕ ਦੇ ਗਾ ਲੈਂਦੇ ਨੇ ਲੋਕ,
ਜਦ ਬੰਨ੍ਹ ਕਾਫਲੇ ਤੁਰ ਪੈਂਦੇ ਨੇ,
ਤਾਂ ਮੰਜ਼ਿਲ ਨੂੰ ਵੀ ਪਾ ਲੈਂਦੇ ਨੇ ਲੋਕ।
ਖੇਤਾਂ ਦੇ ਪੁੱਤ ਜਦ ਜਾਗ ਪੈਂਦੇ ਨੇ,
ਤਖਤਾਂ ਤੋਂ ਹਾਕਮ ਨੂੰ ਲਾਹ ਲੈਂਦੇ ਨੇ ਲੋਕ,
ਜਦ ਬੰਨ੍ਹ ਸਬਰ ਦਾ ਟੁੱਟ ਜਾਂਦਾ ਏ,
ਜਾਲਮ ਨੂੰ ਮੂਹਰੇ ਲਾ ਲੈਂਦੇ ਨੇ ਲੋਕ।
ਜਾਲਮ ਨੂੰ ਮੂਹਰੇ ਲਾ ਲੈਂਦੇ ਨੇ ਲੋਕ.

**ਪਰਮਜੀਤ ਲਾਲੀ**
**98962-44038**

# ਮੈਨੂੰ ਮਾਰਿਆ ਏ ਇਸ਼ਕ ਨੇ

ਮੈਨੂੰ ਮਾਰਿਆ ਏ ਇਸ਼ਕ ਨੇ
ਮੈਨੂੰ ਸਾੜਿਆ ਏ ਇਸ਼ਕ ਨੇ
ਚਿੱਟੇ ਦੁੱਧ ਵਾਂਗ ਚਿੱਟਾ ਸਾਂ ਮੈਂ
ਮੈਨੂੰ ਕਾੜਨੇ ਕਾੜਿਆ ਏ ਇਸਕ ਨੇ
ਡੁੱਬਦੇ ਸੂਰਜ ਦੀ ਲਾਲੀ ਵਾਂਗ
ਮੰਜਿਲੋ ਹੇਠਾਂ ਉਤਾਰਿਆ ਏ ਇਸ਼ਕ ਨੇ
ਤੋੜ ਸੁੱਟ ਗਏ ਸੁਰਖ ਗੁਲਾਬ ਵਾਂਗ
ਪੈਰਾਂ ਹੇਠਾਂ ਲਤਾਰਿਆ ਏ ਇਸ਼ਕ ਨੇ
ਮੁਜ਼ਰਿਮ ਕਹਿਣ ਲੱਗੇ ਨੇ ਲੋਕ
ਕਾਤਿਲ ਰੂਪ ਧਾਰਿਆ ਏ ਇਸਕ ਨੇ
ਰੰਗ ਫਿੱਕੇ ਹੀ ਚੰਗੇ ਲੱਗਦੇ ਸੀ
ਗੂੜਾ ਰੰਗ ਚਾੜ੍ਹਿਆ ਏ ਇਸਕ ਨੇ
ਮੰਗਦਾ ਰਿਹਾ ਖ਼ੈਰ ਜਿੰਦਗੀ ਦੀ
ਝੱਲਾ ਬਣਾ ਨਕਾਰਿਆ ਏ ਇਸਕ ਨੇ
ਰਾਂਝੇ ਮਜਨੂੰ ਮਰਦੇ ਰਹਿਣਗੇ
ਸਿਰ ਚੜ ਵੰਗਾਰਿਆ ਏ ਇਸਕ ਨੇ
ਸਫ਼ੇ ਅਧੂਰੇ ਰਹੇ ਜਿੰਗਦੀ ਦੀ ਦੇ
ਕਾਗਜ਼ ਵਾਂਗ ਪਾੜ੍ਹਿਆ ਏ ਇਸ਼ਕ ਨੇ
ਫੂਕ ਫੂਕ ਕਦਮ ਰੱਖੇ ਨਵਨੀਤ ਨੇ
ਜਦ ਜਦ ਪੁਕਾਰਿਆ ਇਸਕ ਨੇ

**ਨਵਨੀਤ ਸਿੰਘ ਭੂੰਬ.ਲੀ**
**9646865500**

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307


Gillson TRUCKING INC
NOW HIRING
TRUCK DRIVERS
CLASS A CDL
✓Signing Bonus
✓Top pay
✓Mileage Pay
✓Great Benefits
✓Over the Road or Local Routes
✓Reefers and Dry Van Operations
✓No touch freight
SKILLS
✓Responsible truck driver.
✓Experience with electronic equipment.
✓Ability to travel regularly.
✓Adaptivity and foresight to handle unexpected situations
(traffic, weather conditions and roads, etc.)
RESPONSIBILITIES
✓Safely operating assigned vehicles.
✓The Vehicles are maintained and serviced as needed.
✓Report any vehicle defects for repair.
✓Make safety a priority at all times.
✓Comply with standard federal laws and with company.
policies and procedures.
PAY
✓Average pay: $0.45-$0.60 cents/mile
✓Weekly direct deposits
✓Bonuses for clean inspections
✓High mileage bonuses
NEWER EQUIPMENT
Freightliner and Volvo 2020 and present
Reset pay away from Terminals– Stockton,. CA and Dayton, Ohio
Flexible Home Time
Pet Friendly
Rider Policy
SCAN QR CODE FOR
APPLY NOW
HEALTH BENEFITS
Health
Dental
Vision
1801 E Dr. Martin Luther King Jr. Blvd.
Stockton, CA 95205
925-400-9094 ext. 116, ext. 130 and ext. 144
info@teamgillson.com
GET IN TOUCH
gillsontrucking
company/gillsontrucking
www.teamgillson.com

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 87**

ਪਉੜੀ ॥

ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ ॥ ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥ ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ ॥ ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ ॥ ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ ॥੧੧॥ {ਪੰਨਾ 87}

ਭਾਵ ਅਰਥ:-

ਜਿਸ ਮਨੁੱਖ ਨੂੰ ਪ੍ਰਭੂ ਦਰਬਾਰ ਵਿੱਚ ਢੋਈ ਮਿਲ ਗਈ, ਸਮਝੋ ਸਾਰੇ ਦਰਬਾਰਾਂ ਵਿਚ ਢੋਈ ਮਿਲ ਗਈ। ਅਜਿਹੀ ਸ਼ਖ਼ਸੀਅਤ ਜਿਥੇ ਵੀ ਜਾਂਦੀ ਹੈ,ਉਥੇ ਉਸਨੂੰ ਸਨਮਾਨ ਮਿਲਦਾ ਹੈ,ਉਸਦੇ ਨਾਲ ਹੋਰ ਕਈ ਪਾਪੀਆਂ ਦੇ ਪਾਪ ਕੱਟੇ ਜਾਂਦੇ ਹਨ। ਉਸਦੇ ਅੰਦਰਲਾ ਨਾਮ ਦੀ ਰੌਸ਼ਨੀ ਦਾ ਖਜ਼ਾਨਾ,ਉਸਦੇ ਆਲੇ ਦੁਆਲੇ ਨੂੰ ਵੀ ਰੌਸ਼ਨਾ ਦਿੰਦਾ ਹੈ। ਇਸ ਦਾਤੇ ਦੇ ਨਾਮ ਦੀ ਅਰਾਧਨਾ ਵਿੱਚ ਇੰਨੀ ਸ਼ਕਤੀ ਹੈ,ਜਿਸ ਨਾਲ ਸਾਰੇ ਪਾਪ ਧੁਲ ਜਾਂਦੇ ਹਨ। ਇੱਕ ਮਨ ਹੋ ਕੇ ਕਰਤਾਰ ਦਾ ਨਾਮ ਜਾਪ ਕਰਨ ਵਾਲੇ,ਜਹਾਨ ਵਿੱਚ ਮਨ ਦੀ ਟਿਕਾਈ (ਅਡੋਲਤਾ) ਨਾ ਲੈਂਦੇ ਹਨ।

ਸਲੋਕ ਮ: ੩ ॥

ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥ ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥ ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥ ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥ {ਪੰਨਾ 87}

ਭਾਵ ਅਰਥ:--

ਗੁਰੂ ਦੀ ਮੱਤ ਦੇ ਮਗਰ ਲੱਗਕੇ ਹਰਿ ਪ੍ਰਭੂ ਨੂੰ ਧਿਆਉਣਾ ਕਰੀਏ ,ਆਪਣੀ ਮਾਨਸਿਕਤਾ ਉਸਦੀ ਕਿਰਪਾ ਨਾਲ ਅਡੋਲ ਅਵਸਥਾ ਨਾ ਲੈਂਦੀ ਹੈ। ਇਸ ਸਿਦਕ ਨਾਲ ਜੀਵ ਦਾ ਪ੍ਰਮਾਤਮਾ ਨਾਲ ਪਿਆਰ ਬੱਝ ਜਾਂਦਾ ਹੈ। ਗੁਰੂ ਦੀ ਆਗਿਆ ਤੋਂ ਸ਼ੁਰੂ ਹੋਇਆ ਗਿਆਨ, ਮਨੁੱਖੀ ਆਤਮਾ ਨੂੰ ਅਡੋਲ ਕਰ ਦਿੰਦਾ ਹੈ, ਮੁੜਕੇ ਉਹ ਇੱਕ ਥਾਂ ਤੋਂ ਥਿਰਕਦਾ ਨਹੀਂ। ਗੁਰੂ ਹੀ ਹੈ ਜੋ ਮਨ ਦੀ ਸਥਿਰਤਾ ਤੇ (ਵਿਕਾਰ),ਪਾਪ,ਲਾਲਚ ਆਦਿਕ ਬਾਹਰ ਕੱਢਣ ਵਿੱਚ ਸਹਾਈ ਹੁੰਦਾ ਹੈ।
ਜੇ ਕਿਤੇ ਵਾਹਿਗੁਰੂ ਦਾ ਨਾਮ ਪਲ ਭਰ ਲਈ ਵੀ ਹਿਰਦੇ ਅੰਦਰ ਵਸੇਬਾ ਕਰ ਲਵੇ ਤਾਂ ,ਅਠਾਹਠ ਤੀਰਥਾਂ ਦੇ ਇਸ਼ਨਾਨਾਂ ਦਾ ਫਲ ਮਿਲ ਜਾਂਦਾ ਹੈ। ਉਸ ਥਿਰ ਪਰਮਾਤਮਾ ਨਾਲ ਲੀਨ ਹੋਕੇ ਮਨ ਨੂੰ ਮੈਲ ਨਹੀਂ ਛੋਹ ਸਕਦੀ,ਹਾਂ ਇਹ ਮੈਲ ਵਿਕਾਰਾਂ ਕਾਰਨ ਹੀ ਲੱਗਦੀ ਹੈ।ਇਹ ਮੈਲ ਅਠਾਹਠ ਤੀਰਥਾਂ ਦੇ ਇਸ਼ਨਾਨ ਨਾਲ ਵੀ ਨਹੀਂ ਧੋਤੀ ਜਾਂਦੀ। ਮਨ ਮਰਜ਼ੀਆਂ ਪੁਗਾਉਣ ਵਾਲਾ (ਮਾਇਆ ਤੇ ਵਿਕਾਰਾਂ ਦੇ ਮੋਹ ਪਾਸ਼ ਵਿੱਚ ਬੱਝਾ) ਮਨੁੱਖ ਦੁੱਖਾਂ ਦਾ ਵਪਾਰ ਹੀ ਕਰਦਾ ਹੈ। ਸੱਚੇ ਗੁਰੂ ਦੇ ਮਾਰਗਦਰਸ਼ਨ ਨਾਲ, ਨਿਰੰਕਾਰ ਦੀ ਸਿਫਤ ਸਲਾਹ ਕਰਕੇ ਹੀ ਉਹ ਇਸ ਮੈਲ ਤੋਂ ਛੁਟਕਾਰਾ ਪਾ ਸਕਦਾ ਹੈ।

ਮ: ੩ ॥

ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥ ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥ ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥ ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥ ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥ {ਪੰਨਾ 87}

ਭਾਵ ਅਰਥ:-

ਭਗਵਾਨ ਵਲੋਂ ਮੂੰਹ ਮੋੜੀ ਬੈਠੇ ਨੂੰ ਪਰਮਾਤਮਾ ਨਾਲ ਕਿਵੇਂ ਜੋੜਿਆ ਦਾ ਸਕਦਾ ਹੈ,ਜੇ ਉਸਨੂੰ ਗੁਰਮੁਖਾਂ ਨਾਲ ਰਲਾ ਵੀ ਦਈਏ ਤਾਂ ਵੀ ਉਹ ਮਨ ਕਰਕੇ ਉਨਾਂ ਨਾਲ ਨਹੀਂ ਜੁੜ ਸਕਦਾ,ਤੇ ਪਿਛਲੇ ਕੀਤੇ ਕਰਮਾਂ ਕਰਕੇ ਭਟਕਦਾ ਫਿਰਦਾ ਹੈ,ਪਰ ਇਸ ਵਿੱਚ ਉਸਦਾ ਵੀ ਕੀ ਕਸੂਰ ,ਸੰਸਾਰ ਵਿੱਚ ਰਸਤੇ ਹੀ ਦੋ ਹਨ,ਮਾਇਆ ਦਾ ਰਾਹ ਤੇ ਦਾਤੇ ਦੀ ਬੰਦਗੀ ਦਾ ਰਾਹ,ਤੇ ਪਰਮਾਤਮਾ ਦੀ ਲਿਖਤ ਮੁਤਾਬਿਕ ਹੀ ਬੰਦਾ ਇੰਨਾਂ ਵਿੱਚੋਂ ਇੱਕ ਚੁਣ ਲੈਂਦਾ ਹੈ। ਗੁਰੂ ਵੱਲ ਧਿਆਨ ਧਰਨ ਵਾਲਾ ਮਨਮਾਨੀਆਂ ਉੱਤੇ ਕਾਬੂ ਪਾ ਕੇ ਹੀ,ਪਰਮਾਤਮਾ ਦੇ ਤੋਲ ਵਿੱਚ ਖਰਾ ਉਤਰਦਾ ਹੈ। ਮਨ ਨੂੰ ਸਿੱਧੇ (ਪ੍ਰਭੂ ਨਾਮ ਨਾਲ) ਪਾਸੇ ਲਾਉਣ ਲਈ ਉਸ ਨਾਲ (ਮਨ ਨਾਲ) ਸੰਘਰਸ਼ ਕਰਨਾ ਪੈਂਦਾ ਹੈ,ਪੰਚਾਇਤ ਦੀ ਤਰਾਂ ਵੱਖੋ ਵੱਖਰੇ ਇੰਦਰਿਆਂ ਦੀ ਮਦਦ ਰਾਹੀਂ ਸਮਝਾਉਣਾ ਪੈਂਦਾ ਹੈ ਤਾਂ ਹੀ ਦਾ ਕੇ ਕਿਤੇ ਮਨ ਸਮਝਦਾ ਹੈ। ਫਿਰ ਇਸ ਸੱਚ ਨਾਮ ਦਾ ਲਗਨ ਤੇ ਲੀਨਤਾ ਨਾਲ ਹੀ ਦਿਲ ਦੀਆਂ ਸਾਰੀਆਂ ਤਮੰਨਾਵਾਂ ਪੂਰੀਆਂ ਹੋ ਹੁੰਦੀਆਂ ਹਨ। ਗੁਰੂ ਦੇ ਸਨਮੁਖ ਰਹਿਣ ਵਾਲਾ,ਨਾਮ ਅਮ੍ਰਿਤ ਦੀ ਸੱਚੀ ਕਮਾਈ ਕਰਕੇ ਸਦਾ ਇਹੀ ਭੋਜਨ ਛਕ ਕੇ ਸੰਤੁਸ਼ਟ ਹੋ ਜਾਂਦਾ ਹੈ।ਮਨ ਨੂੰ ਅਕਾਲ ਪੁਰਖ ਦੀ ਭਗਤੀ ਵੱਲ ਲਾਉਣ ਲਈ ਸੰਘਰਸ਼ (ਮਨ ਦੇ ਵਿਕਾਰੀ ਪ੍ਰਭਾਵਾਂ ਉੱਤੇ ਕਾਬੂ ਪਾਉਣਾ)ਦੀ ਬਜਾਏ ਬਾਹਰਲੇ ਝਗੜਿਆਂ ਵਿੱਚ ਉਲਝੇ ਰਹਿਣਾ ਮਤਲਬ ਜੀਵਨ ਬੇਕਾਰ ਹੈ। ਮਨਮਾਨੀਆਂ ਕਰਨ ਵਾਲਾ ਮਨੁੱਖ,ਆਪਣੇ ਮਨ ਦੀ ਮੰਨਣ ਵਾਲਾ,ਜੀਵਨ ਵਿੱਚ ਝੂਠ, ਤੂਫਾਨ ਇਕੱਠਾ ਕਰਕੇ ਆਖ਼ਿਰ ਜੀਵਨ ਹਾਰ ਜਾਂਦਾ ਹੈ,ਦੂਜੇ ਪਾਸੇ ਸਤਿਗੁਰੂ ਦੀ ਸਿੱਖਿਆ ਮਗਰ ਚੱਲਕੇ ਮਨੁੱਖ ਬੰਦਗੀ ਨਾਲ ਜੁੜਦਾ ਹੈ।ਹੇ ਨਾਨਕ! ਗੁਰੂ ਦੇ ਸਨਮੁਖ ਰਹਿਣ ਵਾਲਾ,ਉਸ ਸਦਾ ਥਿਰ ਪਰਮਾਤਮਾ ਦੇ ਨਾਮ ਦੀ ਕਮਾਈ ਕਰਦਾ ਹੈ ਤੇ ਦੂਜੇ ਪਾਸੇ ਮਨਮੁਖ ਚਰਾਸੀ ਦੇ ਗੇੜ ਦੀ ਸਜ਼ਾ ਭੁਗਤਦਾ ਰਹਿੰਦਾ ਹੈ।

ਪਉੜੀ ॥

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥ ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥ ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥ {ਪੰਨਾ 87}

ਭਾਵ ਅਰਥ:-

(ਹੇ ਭਾਈ )ਹਰਿ ਪ੍ਰਭੂ ਦੇ ਸੰਤੋ,ਉਸ ਪ੍ਰਭੂ ਦੀ ਇੱਕ ਸਾਖੀ ਸੁਣੋ। ਜਿਸਦੇ ਭਾਗਾਂ ਵਿੱਚ ਲਿਖਿਆ ਹੋਵੇ,ਉਸੇ ਦੇ ਹਿਰਦੇ ਵਿੱਚ ਪਰਮਾਤਮਾ ਦਾ ਵਾਸਾ ਹੁੰਦਾ ਹੈ। ਹਰਿ ਪ੍ਰਭੂ ਦੀ ਇਹ ਕਥਾ ਸੱਭ ਨਾਲੋਂ ਉੱਚੇ ਦਰਜੇ ਦੀ ਹੈ, ਗੁਰੂ ਦੇ ਮਾਰਗਦਰਸ਼ਨ ਨਾਲ ਹੀ ਇਹ ਰਾਮ ਨਾਮ ਦਾ ਰਸ ਤੇ ਅਡੋਲਤਾ ਦਾ ਸਵਾਦ ਚੱਖਿਆ ਦਾ ਸਕਦਾ ਹੈ।ਇਸ ਤਰਾਂ ਮਨ ਅੰਦਰਲਾ ਹਨ੍ਹੇਰਾ ਖਤਮ ਹੋ ਜਾਂਦਾ ਹੈ ਤੇ ਇੱਕ ਲੌ ਜਗ ਜਾਂਦੀ ਹੈ। ਉਹ ਅਕਾਲ ਪੁਰਖ ਅਪਰੰਪਾਰ ਹੈ,ਇਨਾਂ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ,ਪਰ ਗੁਰੂ ਦੇ ਮਾਰਗਦਰਸ਼ਨ ਨਾਲ ਪ੍ਰਤੱਖ ਦਰਸ਼ਨ ਦੀਦਾਰੇ ਦੇ ਦੇਂਦਾ ਹੈ ।

**ਅੰਗ 88**

ਸਲੋਕੁ ਮ: ੩ ॥

ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥ ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥ ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥ ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ ॥੧॥ {ਪੰਨਾ 88}

ਭਾਵ ਅਰਥ:-

ਸੱਚੇ ਗੁਰੂ ਦੀ ਸੇਵਾ ਇਸ ਤਰਾਂ ਕੀਤੀ ਜਾਵੇ ਕਿ ਆਪਣੀ ਸੋਚ ਨੂੰ ਉਸਦੇ ਚਰਨਾਂ ਵਿੱਚ ਤਿਆਗ ਦਿੱਤਾ ਜਾਵੇ ।ਭਾਵ ਪੂਰਣ ਸਮਰਪਣ ਕਰ ਦਿਓ ਤੇ ਉਸ ਸਦਾ ਥਿਰ ਪਰਮਾਤਮਾ ਨਾਲ ਲੀਨ ਹੋ ਕੇ ਉਸਦੀ ਲਗਨ ਵਿੱਚ ਵਿੱਝ ਜਾਓ। ਸੱਚੇ ਪਾਤਸ਼ਾਹ,ਹਰਿ ਪ੍ਰਭੂ ਦੀ ਜਿਸ ਅਰਾਧਨਾ ਨਹੀਂ ਕੀਤੀ ,ਸਮਝੋ ਜਨਮ ਬੇਕਾਰ ਗੁਆ ਦਿੱਤਾ। ਬਾਕੀ ਸਭ ਕੁਝ ਉਸਦੇ ਹੱਥ ਵਿੱਚ ਹੈ ,ਤੇ ਸਾਡੇ ਬਖਿਆਨ ਤੋਂ ਬਾਹਰ ਹੈ।

ਮ: ੩ ॥

ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥ ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥ {ਪੰਨਾ 88}

ਭਾਵ ਅਰਥ:-

ਹੇ ਵਿਕਾਰਾਂ ਵਿੱਚ ਘਿਰਿਆ ਮਨਾਂ ਤੂੰ ਵਿਕਾਰਾਂ ਭਰੇ ਹੀ ਕੰਮ ਕਰ ਰਿਹਾ ਹੈਂ। ਮਾਇਆ ਤੇ ਵਿਕਾਰੀ ਕਾਰਜਾਂ (ਗਿਆਨ ਵਿਹੂਣੇ ,ਕਾਮਾਦਿਕ) ਦੀ ਜੈ ਜੈ ਕਾਰ ਕਰਨ ਵਾਲਿਆਂ ਨੂੰ ਅਕਾਲ ਪੁਰਖ ਦੇ ਘਰ ਨਾ ਹੀ ਢੋਈ ਮਿਲਦੀ ਹੈ, ਉਪਰੋਂ ਸਜ਼ਾ ਦੇ ਭਾਗੀ ਵੀ ਬਣਦੇ ਹਨ। ਉਸ ਨਿਰੰਕਾਰ ਪ੍ਰਭੂ ਦੀ ਅਰਾਧਨਾ ਆਤਮਾ ਤੋਂ ਕਰਨੀ ਜ਼ਰੂਰੀ ਹੈ ਤੇ ਇਹ (ਪਵਿੱਤਰ) ਕਾਰਜ ਗੁਰੂ ਦੀ ਦੱਸੀ ਸੇਵਾ ਤੋਂ ਬਿਨਾਂ ਨਹੀਂ ਹੋ ਸਕਦਾ। ਅਕਾਲ ਪੁਰਖ ਦਾ ਜਪ,ਗਹਿਰੀ ਸਾਧਨਾ ,ਤਪੱਸਿਆ,ਇੰਦ੍ਰਿਆਂ ਦਾ ਕਾਬੂ,ਇਹ ਸਭ ਕੁਝ ਗੋਬਿੰਦ ਦੀ ਕਿਰਪਾ ਨਾਲ ਹੀ, ਭਾਗਾਂ ਵਿੱਚ ਲਿਖਿਆ ਹੋਵੇ ਤਾਂ ਹੀ ਕਮਾਇਆ ਜਾਂਦਾ ਹੈ। ਹੇ ਨਾਨਕ! ਅਕਾਲ ਪੁਰਖ ਦੀ ਸਿਫਤ ਸਲਾਹ ਕਿਸੇ ਵੀ ਮਕਸਦ ਤੋਂ ਬਗ਼ੈਰ ਕਰੀ ਜਾ,ਜੋ ਉਸ ਦਾਤੇ ਨੂੰ ਚੰਗਾ ਲੱਗੇਗਾ ਉਹ ਆਪੇ ਝੋਲੀ ਤੇਰੀ ਪਾ ਦੇਵੇਗਾ ।

ਪਉੜੀ ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ ॥ ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥ ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥ {ਪੰਨਾ 88}

ਭਾਵ ਅਰਥ:-

ਹੇ ਮੇਰੇ ਮਨਾ ਹਰਿ ਪ੍ਰਭੂ ਦਾ ਦਿਨਸ ਰੈਨ ਨਾਮ ਜਪਣਾ ਕਰ,ਜਿਸ ਨਾਲ , ਅਸਲੀ ਜੀਵਨ ਸੁਖ ਤੇ ਅਨੰਦ ਮਿਲਦਾ ਹੈ,ਤੇ ਸਾਰੇ ਪਾਪ ਕੱਟੇ ਜਾਂਦੇ ਹਨ,ਸਾਰੇ ਦਲਿੱਦਰ ਤੇ ਭੁੱਖਾਂ ਮੁੱਕ ਜਾਂਦੀਆਂ ਹਨ। ਹਰਿ ਪ੍ਰਭੂ ਦਾ ਨਾਮ , ਗੁਰੂ ਨਾਲ ਪ੍ਰੇਮ ਵਿੱਚ ਰੰਗਕੇ ਜਪਣਾ ਕਰੋ,ਪਰ ਜਿਸਦੇ ਭਾਗਾਂ ਵਿੱਚ ਧੁਰੋਂ ਲਿਖਿਆ ਹੋਵੇ ਇਹ ਨਾਮ ਉਸੇ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ।

ਸਲੋਕ ਮ: ੩ ॥

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥ ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥ ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥ ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥ {ਪੰਨਾ 88}

ਭਾਵ ਅਰਥ:-

ਜਿਸ ਜੀਵ ਨੇ ਸੱਚੇ ਗੁਰੂ ਨੂੰ ਨਹੀਂ ਧਿਆਇਆ ਤੇ ਬਾਣੀ ਦਾ ਸਤਿਕਾਰ ਨਹੀਂ ਕੀਤਾ,ਉਨਾਂ ਦੇ ਮਨਾਂ ਵਿੱਚ ਗਿਆਨ ਦਾ ਚਾਨਣ ਨਹੀਂ ਹੁੰਦਾ,ਉਹ ਜਿਉਂਦੇ ਹੀ ਮੁਰਦਾ ਹਨ।ਫਿਰ ਜੀਵ ਚਰਾਸੀ ਦੇ ਚੱਕਰਾਂ ਵਿੱਚ ਪੈ ਕੇ ਖੱਜਲ ਹੁੰਦਾ ਹੈ।ਬਾਕੀ ਦਾਤੇ ਦੀ ਮਰਜ਼ੀ ,ਜਿਸਤੋਂ ਨਾਮ ਜਪਾਉਣਾ ਹੋਵੇ,ਜਪਾ ਲੈਂਦਾ ਹੈ,ਸੱਚਾ ਗੁਰੂ ਨਾਮ ਦਾ ਖਜ਼ਾਨਾ ਹੈ ਤੇ ਭਾਗਾਂ ਨਾਲ ਮਿਲਦਾ ਹੈ। ਗੁਰੂ ਦੀ ਸਿੱਖਿਆ ਨਾਲ ਹੀ ਬੰਦਾ ਬਾਣੀ ਮਾਰਗ ਰਾਹੀਂ ਉਸ ਸਦਾ ਅਡੋਲ ਪ੍ਰਭੂ ਨੂੰ ਨਾ ਸਕਦਾ ਹੈ।ਹੇ ਨਾਨਕ! ਉਸ ਉੱਤਮ ਪੁਰਖ ਨੂੰ ਮਿਲਕੇ ਬੰਦਾ ਸਹਿਜ ਅਵਸਥਾ ਨੂੰ ਪਾ ਲੈਂਦਾ ਹੈ ਤੇ ਫਿਰ ਪ੍ਰਭੂ ਤੋਂ ਕਦੇ ਨਹੀਂ ਵਿੱਛੜਦਾ।

ਮ: ੩ ॥

ਸੋ ਭਗਉਤੀ ਜੁੋ ਭਗਵੰਤੈ ਜਾਣੈ ॥ ਗੁਰ ਪਰਸਾਦੀ ਆਪੁ ਪਛਾਣੈ ॥ ਧਾਵਤੁ ਰਾਖੈ ਇਕਤੁ ਘਰਿ ਆਣੈ ॥ ਜੀਵਤੁ ਮਰੈ ਹਰਿ ਨਾਮੁ ਵਖਾਣੈ ॥ ਐਸਾ ਭਗਉਤੀ ਉਤਮੁ ਹੋਇ ॥ ਨਾਨਕ ਸਚਿ ਸਮਾਵੈ ਸੋਇ ॥੨॥ {ਪੰਨਾ 88}

ਭਾਵ ਅਰਥ:-

ਭਗਤ ਉਹ ਹੈ,ਜੋ ਭਗਵਾਨ ਨੂੰ ਸਮਝਦਾ ਹੈ,ਉਹ ਵੀ ਉਸੇ ਦਾਤੇ ਦੀ ਕਿਰਪਾ ਨਾਲ ਹੀ ਸਮਝ ਸਕਦਾ ਹੈ॥ ਜੋ ਭਗਤ ਦੌੜਕੇ ਅਕਾਲ ਪੁਰਖ ਦੇ ਦਰ ਤੇ ਜਾ ਪੈਂਦਾ ਹੈ ਤੇ ਆਪਣੇ ਆਪ ਨੂੰ ਸਮਰਪਿਤ ਕਰ ਦਿੰਦਾ ਹੈ,ਅਜਿਹਾ ਭਗਤ ਹੀ ਉਚ ਦਰਜਾ ਪਾਉਂਦਾ ਹੈ। ਹੇ ਨਾਨਕ! ਫਿਰ ਉਹ ਪ੍ਰਭੂ ਪ੍ਰਮਾਤਮਾ ਨਾਲ ਇੱਕ ਮਿੱਕ ਹੋ ਜਾਂਦਾ ਹੈ।

ਮ: ੩ ॥

ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ ਸਤਸੰਗਤਿ ਸਿਉ ਬਾਦੁ ਰਚਾਏ ॥ ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ ਪੂਰਬ ਲਿਖਿਆ ਸੁ ਮੇਟਣਾ ਨ ਜਾਏ ॥ ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥ {ਪੰਨਾ 88}

ਭਾਵ ਅਰਥ:-

ਝੂਠਾ ਭਗਤ ,ਮਨ ਵਿੱਚ ਕਪਟ ਰੱਖਣ ਵਾਲਾ ਤੇ ਅਡੰਬਰਾਂ ਨਾਲ ਪਾਰਬ੍ਰਹਮ ਪਰਮੇਸ਼ਰ ਨੂੰ ਨਹੀਂ ਪਾ ਸਕਦਾ। ਦੂਜੇ ਦੀ ਚੁਗਲੀ ਕਰਨ ਵਾਲਾ ਆਪਣੇ ਅੰਦਰੇ ਨੂੰ ਮੈਲਾ ਕਰ ਲੈਂਦਾ ਹੈ ਤੇ ਇਹ ਮੈਲ ਸਰੀਰਕ ਤੌਰ ਤੇ ਨਹਾਉਣ ਨਾਲ ਨਹੀਂ ਉਤਰਦੀ। ਅਜਿਹਾ ਬੰਦਾ ਸੰਤਾਂ ਦੀ ਸੰਗਤ ਵਿੱਚ ਵੀ ਝਗੜੇ ਹੀ ਕਰਦਾ ਹੈ,ਤੇ ਮਾਇਆ ਮੋਹ ਤੇ ਵਿਕਾਰਾਂ ਕਾਰਨ ਹਮੇਸ਼ਾਂ ਦੁਖੀ ਰਹਿੰਦਾ ਹੈ । ਨਾਮ ਤੋਂ ਬਿਨਾਂ ਭਾਂਵੇਂ ਕਿੰਨੇ ਹੀ ਪੂਜਾ ਪਾਠ ਦੇ ਪ੍ਰਪੰਚਾਂ ਕਰ ਲਏ ਜਾਣ , ਇਨਾਂ ਨਾਲ ਪਿਛਲੇ ਪਾਪ ਕਰਮਾਂ ਦਾ ਲੇਖਾ ਨਹੀਂ ਮਿਟ ਸਕਦਾ। ਹੇ ਨਾਨਕ ! ਸੱਚੇ ਗੁਰੂ ਦੀ ਸੇਵਾ ਨਾਲ ਕਦੇ ਮੁਕਤੀ ਨਹੀਂ ਮਿਲਦੀ।

ਪਉੜੀ ॥

ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ ॥ ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ ॥ ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥ ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥ ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ ॥੧੪॥ {ਪੰਨਾ 88-89}

ਭਾਵ ਅਰਥ:-

ਜਿਸਨੇ ਸੱਚੇ ਪਾਤਸ਼ਾਹ ਜੀ ਸਿਫਤ ਸਾਲਾਹ ਕੀਤੀ,ਉਹ ਗਹਿਰੇ ਦੁਖਾਂ ਤੋਂ ਪਾਰ ਪਾ ਜਾਂਦਾ ਹੈ ।ਦੂਜੇ ਪਾਸੇ ਪ੍ਰਭੂ ਭਗਤੀ ਕਰਨ ਵਾਲਾ ਪੂਰਨ ਸੰਤੁਸ਼ਟੀ ਪਾਉਂਦਾ ਹੈ, ਉਸਨੂੰ ਜਮਾਂ ਦਾ ਖੌਅ ਨਹੀਂ ਹੁੰਦਾ ਤੇ ਜਿਸ ਉੱਪਰ ਉਹ ਦਾਤਾ ਦਿਆਲ ਹੁੰਦਾ ਹੈ, ਉਸਨੂੰ ਆਪਣੇ ਚਰਣ ਕਮਲਾਂ ਵਿੱਚ ਜਗਾ ਦੇ ਦਿੰਦਾ ਹੈ। ਉਸਦਾ ਲੋਕ ਪਰਲੋਕ ਵਿੱਚ ਮੁੱਖ ਸੁੰਦਰ ਦਿਖਦਾ ਹੈ।



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।